*23 ਸਤੰਬਰ ਦਿਨ ਸ਼ੁੱਕਰਵਾਰ ਸਵ. ਬੀਬੀ ਸੁਰਜੀਤ ਕੌਰ ਬੈਂਸ ਦਾ ਅੰਤਮ ਸਸਕਾਰ ਸਵੇਰੇ 11 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਦੁਪਹਿਰ 2 ਵਜੇ ਪਰਿਵਾਰ ਵੱਲੋਂ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*24 ਸਤੰਬਰ ਦਿਨ ਸ਼ਨਿਚਰਵਾਰ ਸਵ. ਬੀਬੀ ਹਰਸ਼ਿੰਦਰਜੀਤ ਕੌਰ ਸੰਧੂ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਦੁਪਹਿਰ 2 ਵਜੇ ਪਰਿਵਾਰ ਵੱਲੋਂ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*24 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ:

1. ਭਾਈ ਹਰਦੀਪ ਸਿੰਘ ਪਰਿਵਾਰ 2. ਭਾਈ ਤੇਜਿੰਦਰ ਸਿੰਘ ਪਰਿਵਾਰ, ਭਾਈ ਜਸਵੰਤ ਸਿੰਘ ਢਿੱਲੋਂ ਪਰਿਵਾਰ ਵੱਲੋਂ ਆਪਣੇ ਬੇਟੇ ਗੁਰਜੋਤ ਸਿੰਘ ਢਿੱਲੋਂ ਦੇ ਜਨਮ ਦਿਨ ਦੀ ਖੁਸ਼ੀ ਵਿਚ 3. ਮਰੀਧ ਕਲੇਰ ਪਰਿਵਾਰ ਵੱਲੋਂ ਹੋਵੇਗੀ।

*25 ਸਤੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਚਰਨ ਸਿੰਘ ਪਰਿਵਾਰ ਵੱਲੋਂ ਹੋਵੇਗੀ।

*25 ਸਤੰਬਰ ਦਿਨ ਐਤਵਾਰ ਸ਼ਾਮ 3 ਵਜੇ ਸਵ. ਲਖਵੀਰ ਸਿੰਘ ਚੀਮਾ ਦਾ ਅੰਤਮ ਸਸਕਾਰ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਦੁਪਹਿਰ 4.30 ਵਜੇ ਪਰਿਵਾਰ ਵੱਲੋਂ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*25 ਸਤੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਬੀਬੀ ਸੁਰਿੰਦਰ ਕੌਰ ਪਰਿਵਾਰ 2. ਭਾਈ ਮਨਜੀਤ ਸਿੰਘ ਪਰਿਵਾਰ 3. ਯਸਪ੍ਰੀਤ ਕੌਰ ਪਰਿਵਾਰ ਵੱਲੋਂ

*29 ਸਤੰਬਰ ਦਿਨ ਵੀਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰੁਪਿੰਦਰ ਸਿੰਘ ਅਤੇ ਬੀਬੀ ਰੁਪਿੰਦਰਜੀਤ ਕੌਰ ਢਿੱਲੋਂ ਪਰਿਵਾਰ ਵੱਲੋਂ ਆਪਣੀ ਬੇਟੀ ਜਸਲੀਨ ਕੌਰ ਢਿੱਲੋਂ ਦੇ 16ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹਵੋਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# 110,000 ਤੋਂ ਵੱਧ ਕੈਨੇਡੀਅਨ ਸਿੱਖਾਂ ਨੇ ਖਾਲਿਸਤਾਨ ਰੈਫਰੈਂਡਮ ‘ਚ ਵੋਟ ਪਾਈ








ਟੋਰਾਂਟੋ:-ਸ਼ਕਤੀ ਦੇ ਬੇਮਿਸਾਲ ਪ੍ਰਦਰਸ਼ਨ ਵਿਚ, 110,000 ਤੋਂ ਵੱਧ ਕੈਨੇਡੀਅਨ ਸਿੱਖਾਂ ਨੇ ਬਰੈਂਪਟਨ, ਓਨਟਾਰੀਓ ਵਿਚ ਖਾਲਿਸਤਾਨ ਦੇ ਰੈਫਰੈਂਡਮ ਲਈ ਵੋਟਿੰਗ ਵਿਚ ਹਿੱਸਾ ਲਿਆ।ਖਾਲਿਸਤਾਨ ਪੱਖੀ ਐਡਵੋਕੇਸੀ ਗਰੁੱਪ ਸਿੱਖਸ ਫਾਰ ਜਸਟਿਸ (ਐਸਐਫਜੇ) ਦੁਆਰਾ ਆਯੋਜਿਤ, ਵੋਟਿੰਗ ਦੀ ਸ਼ੁਰੂਆਤ 18 ਸਤੰਬਰ ਨੂੰ ਇੱਕ ਧਾਰਮਿਕ ਆਗੂ ਭਾਈ ਦਲਜੀਤ ਸਿੰਘ ਸੇਖੋਂ, ਭਾਈ ਹਰਜਿੰਦਰ ਸਿੰਘ ਪਾਰ੍ਹਾ ਦੇ ਨਜ਼ਦੀਕੀ ਸਾਥੀ, ਜਿਨ੍ਹਾਂ ਦੇ ਨਾਮ ‘ਤੇ ਵੋਟਿੰਗ ਕੇਂਦਰ ਸਮਰਪਿਤ ਸੀ, ਦੀ ਅਗਵਾਈ ਵਿੱਚ ਵਿਸ਼ੇਸ਼ ਅਰਦਾਸ ਨਾਲ ਹੋਈ। ਸ਼ਾਮ 5 ਵਜੇ ਦਿਨ ਦੇ ਅੰਤ ‘ਤੇ ਕਈ ਕਿਲੋਮੀਟਰ ਤੱਕ ਕਤਾਰਾਂ ਲੱਗ ਗਈਆਂ।ਹਜਾਰਾਂ ਲੋਕ ਵੋਟ ਨਾ ਸਕੇ।

ਚਸ਼ਮਦੀਦ ਲੋਕਾਂ ਨੇ ਦੱਸਿਆ ਕਿ ਪਹਿਲੀ ਵੋਟ ਸਵੇਰੇ 9 ਵਜੇ ਪਈ ਸੀ ਪਰ ਹਜ਼ਾਰਾਂ ਕੈਨੇਡੀਅਨ ਸਿੱਖ ਵੋਟਾਂ ਪਾਉਣ ਲਈ ਸਵੇਰੇ 7 ਵਜੇ ਤੋਂ ਹੀ ਲਾਈਨਾਂ ਵਿਚ ਖੜ੍ਹੇ ਸਨ।

ਦੁਪਹਿਰ ਤੱਕ, ਵੋਟ ਪਾਉਂਣ ਵਾਲਿਆਂ ਦੀ ਕਤਾਰ, ‘ਗੋਰ ਮੀਡੋ’ ਕਮਿਊਨਿਟੀ ਸੈਂਟਰ ਬਰੈਂਪਟਨ ਤੋਂ ਨਜ਼ਦੀਕੀ ਹਾਈਵੇ ਤੱਕ ਲਗਭਗ ਪੰਜ ਕਿਲੋਮੀਟਰ ਤੱਕ ਫੈਲ ਗਈ ਸੀ।

ਵੋਟਿੰਗ ਕੇਂਦਰ ਵੱਲ ਆਉਣ ਵਾਲੇ ਲੋਕਾਂ ਕਾਰਣ ਟ੍ਰੈਫਿਕ ਜ਼ਾਮ ਹੋ ਗਿਆ। ਓਨਟਾਰੀਓ ਪੁਲਸ ਨੂੰ ਹਾਈਵੇਅ ਨੂੰ ਹਰ ਤਰ੍ਹਾਂ ਦੀ ਆਵਾਜਾਈ ਲਈ ਤਿੰਨ ਘੰਟਿਆਂ ਲਈ ਬੰਦ ਕਰਨਾ ਪਿਆ।

ਦੁਪਹਿਰ ਤੱਕ ਕੇਂਦਰ ਦੇ ਆਲੇ ਦੁਆਲੇ ਖਾਲਿਸਤਾਨ ਦੇ ਝੰਡੇ ਦਿਸ ਰਹੇ ਸਨ, ਨੌਜਵਾਨ ਖਾਲਿਸਤਾਨ ਦੇ ਨਾਅਰੇ ਲਗਾ ਰਹੇ ਸਨ। ਭਾਰਤ ਨੂੰ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਨੂੰ ਖਤਮ ਕਰਨ ਦਾ ਸੱਦਾ ਦਿੰਦੇ ਸਨ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਸਿੱਖਾਂ ਦੀਆਂ ਮੰਗਾਂ ਸੁਣਨ ਲਈ ਕਹਿੰਦੇ ਸਨ।ਅਬਜ਼ਰਵਰਾਂ ਨੇ ਪੁਸ਼ਟੀ ਕੀਤੀ ਕਿ ਵੋਟਿੰਗ ਟਾਈਂ ਖਤਮ ਹੋਣ ‘ਤੇ ਹਜ਼ਾਰਾਂ ਲੋਕ ਬਿਨਾ ਵੋਟ ਪਾਏ ਵਾਪਸ ਪਰਤ ਗਏ ਸਨ ਜਦੋਂ ਕਿ ਕਤਾਰਾਂ ਅਜੇ ਵੀ ਦੋ ਕਿਲੋਮੀਟਰ ਤੱਕ ਫੈਲੀਆਂ ਹੋਈਆਂ ਸਨ।

ਸਿੱਖਸ ਫਾਰ ਜਸਟਿਸ ਦੇ ਪ੍ਰਬੰਧਕਾਂ ਦੇ ਨਾਲ-ਨਾਲ ਸਥਾਨਕ ਅਬਜ਼ਰਵਰਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਵੋਟ ਪਾਉਂਣ ਵਾਲਿਆਂ ਦੀ ਕੁੱਲ ਸੰਖਿਆ ਆਰਾਮ ਨਾਲ 110,000 ਤੋਂ ਵੱਧ ਹੋਵੇਗੀ। ਕੰਜ਼ਰਵੇਟਿਵ ਪਾਰਟੀ ਲਈ ਨਿਆਗਰਾ ਵੈਸਟ ਤੋਂ ਕੈਨੇਡਾ ਦੇ ਸੰਸਦ ਮੈਂਬਰ ਡੀਨ ਐਲੀਸਨ ਨੇ ਮਿਡ-ਡੇ ‘ਤੇ ਇੱਕ ਟਵੀਟ ਵਿੱਚ ਕਿਹਾ: “ਬਰੈਂਪਟਨ ਦੇ ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਵਿੱਚ ਸ਼ਾਨਦਾਰ ਮਤਦਾਨ ਹੋ ਰਿਹੈ,ਜਿੱਥੇ ਸਿੱਖ ਰਾਸ਼ਟਰ ਆਪਣੇ ਸਵੈ-ਨਿਰਣੇ ਦੇ ਅਧਿਕਾਰ ਲਈ ਵੋਟ ਕਰ ਰਿਹਾ ਹੈ। 50,000 ਤੋਂ ਵੱਧ ਵੋਟਾਂ ਅਤੇ ਲਾਈਨਾਂ ਅਜੇ ਵੀ ਵਧ ਰਹੀਆਂ ਹਨ। ”

ਕੈਨੇਡਾ ਦੇ ਸੰਸਦ ਮੈਂਬਰ ਸੁਖਮਿੰਦਰ ਸਿੰਘ ਧਾਲੀਵਾਲ ਨੇ ਵੀ ਕਿਹਾ ਕਿ ਸੰਵਿਧਾਨਕ ਅਤੇ ਜਮਹੂਰੀ ਸਿਆਸੀ ਪ੍ਰਗਟਾਵੇ ਨੂੰ ਰੋਕਿਆ ਨਹੀਂ ਜਾ ਸਕਦਾ।ਵੋਟਿੰਗ ਪ੍ਰਕਿਰਿਆ ਨੂੰ ਰੋਕਣ ਦੀ ਭਾਰਤ ਸਰਕਾਰ ਦੀ ਮੰਗ ‘ਤੇ ਟਿੱਪਣੀ ਕਰਦੇ ਹੋਏ, ਕੈਨੇਡੀਅਨ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਕੈਨੇਡੀਅਨ ਨਾਗਰਿਕਾਂ ਨੂੰ ਹਰ ਸੰਭਵ ਤਰੀਕੇ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਦੀ ਪੂਰੀ ਆਜ਼ਾਦੀ ਹੈ ਜਦੋਂ ਤੱਕ ਇਹ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਅਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਬਾਰੇ ਕੈਨੇਡੀਅਨ ਕਾਨੂੰਨਾਂ ਦੀ ਪਾਲਣਾ ਕਰਦਾ ਹੈ।

ਅਧਿਕਾਰੀ ਨੇ ਕੈਨੇਡਾ ਵਿੱਚ ਖਾਲਿਸਤਾਨੀ ਪੱਖੀ ਭਾਵਨਾਵਾਂ ਦੇ ਖਿਲਾਫ ਮੋਦੀ ਸਰਕਾਰ ਦੁਆਰਾ ਲਗਾਤਾਰ ਲਾਬਿੰਗ ਕਰਨ ਤੋਂ ਬਾਅਦ ਗੱਲ ਕੀਤੀ।ਸਿੱਖਸ ਫਾਰ ਜਸਟਿਸ ਦੇ ਨੀਤੀ ਨਿਰਦੇਸ਼ਕ ਵਕੀਲ਼ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ: “ਖਾਲਿਸਤਾਨ ਰੈਫਰੈਂਡਮ ਦਾ ਮੁੱਦਾ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਬੋਲਣਾ ਅਤੇ ਆਪਣੀਂ ਵੱਖਰੀ ਰਾਇ ਰੱਖਣੀਂ ਇੱਕ ਬੁਨਿਆਦੀ ਅਧਿਕਾਰ ਹੈ। ਉਨਾ ਇਹ ਵੀ ਕਿਹਾ ਭਾਰਤ ਨੂੰ ਪ੍ਰਗਟਾਵੇ ਦੀ ਅਜ਼ਾਦੀ ਦੇ ਸਿਧਾਂਤ ਨੂੰ ਸਮਝਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਭਾਰਤ ਵਿੱਚ ਸਿਆਸੀ ਅਸਹਿਮਤੀ ਨੂੰ ਯੋਜਨਾਬੱਧ ਢੰਗ ਨਾਲ ਇੱਕ ਅਪਰਾਧਿਕ ਕਾਰਵਾਈ ਦਾ ਰੂਪ ਦਿੱਤਾ ਹੈ। ”

ਖਾਲਿਸਤਾਨ ਪੱਖੀ ਸਿੱਖਸ ਫਾਰ ਜਸਟਿਸ ਨੇ ਕਿਹਾ ਕਿ ਖਾਲਿਸਤਾਨ ਵੋਟਿੰਗ ਲਈ ਓਨਟਾਰੀਓ ਦੀ ਹਾਜ਼ਰੀ ਨੇ ਲੰਡਨ ਵਿੱਚ ਵੋਟਿੰਗ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ, ਜਿੱਥੇ 30,000 ਤੋਂ ਵੱਧ ਸਿੱਖਾਂ ਨੇ ਹਿੱਸਾ ਲਿਆ ਸੀ।

ਵੋਟਿੰਗ ਲਈ ਰਾਖਵੇਂ ਕਮਿਊਨਿਟੀ ਸੈਂਟਰ ਦੀ ਦੇਖ-ਰੇਖ ਕਰ ਰਹੇ 300 ਤੋਂ ਵੱਧ ਸਿੱਖ ਵਲੰਟੀਅਰ ਸਨ। ਵਲੰਟੀਅਰ ਕਰਨ ਵਾਲੇ ਜ਼ਿਆਦਾਤਰ ਕੈਨੇਡੀਅਨ ਸਿੱਖ ਨੌਜਵਾਨ ਸਨ।ਵਰਨਣਯੋਗ ਹੈ ਕਿ ਕੈਨੇਡਾ ਹੁਣ ਲਗਭਗ 10 ਲੱਖ ਸਿੱਖਾਂ ਦਾ ਘਰ ਹੈ

ਖਾਲਿਸਤਾਨ ਰੈਫਰੈਂਡਮ ਵੋਟਿੰਗ ਮੁਹਿੰਮ ਸੁਤੰਤਰ ਪੰਜਾਬ ਰੈਫਰੈਂਡਮ ਕਮਿਸ਼ਨ (ਪੀਆਰਸੀ) ਦੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ, ਜੋ ਸਾਰੇ ਪੜਾਅ ਪੂਰੇ ਹੋਣ ‘ਤੇ ਨਤੀਜਿਆਂ ਦਾ ਐਲਾਨ ਕਰੇਗਾ।


**Injured in an accident? ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca



Mandeep Randhawa,
*B.Sc., L.L.B (UBC)*

## *Top Quality *Friendly Service * On Time & Free Delivery

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00 Queen $299.00



ਗੌਦਰੇਜ ਦੀ ਅਲਮਾਰੀ ਕੀਮਤ $599.00

## Paul Narwal & Patrick 604-503-4457 ਜਾਂ 236-868-1628

Qualicare®




# ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

When keeping your loved one comfortable is the only option that remains, you want care to be offered peacefully, in the warmth of your loved one's home.Providing the kind of care that's required, though, can become a stretch for any family on their own. This leaves many families feeling like their only realistic choice is to transfer their loved ones to a facility. But, your loved one deserves the option to journey through these final stages at home.At Qualicare, we understand how heartbreaking it can feel to receive difficult news and how quickly that heartbreak can be overwhelming when faced with quick decisions and impossible choices. We're right beside you to help you navigate each decision with confidence, starting with End of Life and Comfort Care solutions in the comfort of your loved one's home. Whether your loved one needs help with personal or nursing care, assistance orchestrating a special surprise, or your family needs someone to take care of the details while you focus on spending time with your loved one, our team has a personalized solution to address all the gaps that need to be filled

## Here's how it works:

1.Connect-We'll get to know you and your family wherever you are...
2.Coordinate-Then, we'll facilitate the planning and coordination of care...
3.Cherish-So you can leave the details to us and savor time with your loved one...

**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# ਬਾਬਾ ਫਰੀਦ ਆਗਮਨ ਪੁਰਬ ਮੌਕੇ ਗੁ. ਸ੍ਰੀ ਸਿੰਘ ਸਭਾ ਸਰੀ ਵਿਖੇ ਸ਼ਾਨਦਾਰ ਕਵੀ ਦਰਬਾਰ



ਸਰੀ, (ਹਰਦਮ ਮਾਨ)–ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਬਾਬਾ ਫਰੀਦ ਆਗਮਨ ਪੁਰਬ ਮੌਕੇ ਗੁਰਦੁਆਰਾ ਸ੍ਰੀ ਸਿੰਘ ਸਭਾ ਸਰੀ ਵਿਖੇ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਰੇਡੀਓ ਹੋਸਟ ਗੁਰਬਾਜ਼ ਸਿੰਘ ਬਰਾੜ ਨੇ ਬਾਬਾ ਫਰੀਦ ਦੇ ਜੀਵਨ ਅਤੇ ਬਾਣੀ ਉਪਰ ਚਾਨਣਾ ਪਾਉਂਦਿਆਂ ਕਿਹਾ ਕਿ ਛੋਟੀ ਉਮਰ ਵਿਚ ਸ਼ੇਖ ਫਰੀਦ ਜੀ ਦੇ ਪਿਤਾ ਸੁਰਗਵਾਸ ਹੋ ਗਏ ਸਨ ਅਤੇ ਉਨ੍ਹਾਂ ਦੀ ਮਾਤਾ ਮਰੀਅਮ ਨੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ। ਸ਼ੇਖ ਫਰੀਦ ਅੱਠ ਸਾਲ ਦੀ ਉਮਰ ਵਿਚ ਹਾਫਿਜ਼ ਹੋ ਗਏ ਸਨ। ਉਹ ਪੰਜਾਬੀ ਦੇ ਪਹਿਲੇ ਪ੍ਰਮਾਣਿਤ ਕਵੀ ਮੰਨੇ ਜਾਂਦੇ ਹਨ। ਉਨ੍ਹਾਂ ਦੇ ਚਾਰ ਸ਼ਬਦ ਅਤੇ 112 ਸ਼ਲੋਕ ਸ੍ਰੀ ਗੁਰੂ ਗਰੰਥ ਵਿਚ ਦਰਜ ਹਨ। ਉਨ੍ਹਾਂ ਨੇ ਆਪਣੀ ਸਮੁੱਚੀ ਬਾਣੀ ਰਾਹੀਂ ਮਨੁੱਖ ਨੂੰ ਨਿਮਰਤਾ ਨਾਲ ਸਾਦਾ ਜੀਵਨ ਬਿਤਾਉਣ, ਰੱਬ ਨਾਲ ਜੁੜਣ, ਹਰ ਇਕ ਦਾ ਭਲਾ ਮਨਾਉਣ, ਜੀਵਨ ਦੀ ਨਾਸ਼ਮਾਨਤਾ ਨੂੰ ਯਾਦ ਰੱਖਣ ਦੀ ਪ੍ਰੇਰਨਾ ਦਿੱਤੀ ਅਤੇ ਰੁੱਖਾਂ ਵਾਂਗ ਹਰ ਦੁੱਖ ਸੁੱਖ ਸਹਿਣ ਕਰਨ ਲਈ ਉਤਸ਼ਾਹਿਤ ਕੀਤਾ। ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਅੰਗਰੇਜ਼ ਸਿੰਘ ਬਰਾੜ ਨੇ ਹਾਜਰ ਸੰਗਤਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਕਿਹਾ ਕਿ ਸੰਗਤਾਂ ਅਤੇ ਕਵੀਆਂ ਦੇ ਸਹਿਯੋਗ ਸਦਕਾ ਅੱਜ ਅਸੀਂ 24ਵਾਂ ਕਵੀ ਦਰਬਾਰ ਕਰਵਾ ਰਹੇ ਹਾ। ਉੱਘੇ ਢਾਡੀ ਅਤੇ ਕਵੀਸ਼ਰ ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਗਿੱਲ ਨੇ ਬਾਬਾ ਫਰੀਦ ਦੀ ਬਾਣੀ ਤੇ ਆਧਾਰਤ ਕਵੀਸ਼ਰੀ ਸੁਣਾ ਕੇ ਕਾਵਿਕ ਮਾਹੌਲ ਸਿਰਜਿਆ। ਉਪਰੰਤ ਉਸਤਾਦ ਸ਼ਾਇਰ ਗੁਰਦਰਸ਼ਨ ਬਾਦਲ, ਮੋਹਨ ਗਿੱਲ, ਹਰਦਮ ਮਾਨ, ਡਾ. ਹਰਿੰਦਰ ਕੌਰ, ਲਾਲ ਪਧਿਆਣਵੀ, ਸਤੀਸ਼ ਗੁਲਾਟੀ, ਰਾਜਵੰਤ ਰਾਜ, ਬਲਬੀਰ ਸੰਘਾ, ਦਰਸ਼ਨ ਸੰਘਾ, ਜਸਪ੍ਰੀਤ ਕੌਰ ਨੇ ਬਾਬਾ ਫਰੀਦ ਨੂੰ ਸਮੱਰਪਿਤ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ, ਧਾਰਮਿਕ ਅਤੇ ਸਮਾਜਿਕ ਰੰਗ ਵਿਚ ਰੰਗੀਆਂ ਕਵਿਤਾਵਾਂ, ਗੀਤਾਂ, ਦੋਹਿਆਂ ਰਾਹੀਂ ਆਪਣੀ ਹਾਜਰੀ ਲੁਆਈ। ਵੱਡੀ ਗਿਣਤੀ ਵਿਚ ਸੰਗਤ ਨੇ ਇਸ ਕਵੀ ਦਰਬਾਰ ਦਾ ਆਨੰਦ ਮਾਣਿਆ। ਅੰਤ ਵਿਚ ਦਰਸ਼ਨ ਸੰਘਾ ਨੇ ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਸਾਰੇ ਕਵੀ ਸਾਹਿਬਾਨ ਅਤੇ ਕਵੀ ਦਰਬਾਰ ਦਾ ਆਨੰਦ ਮਾਣ ਰਹੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਉਮੀਦ ਜ਼ਾਹਰ ਕੀਤੀ। ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਸਾਰੇ ਕਵੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਚੇਅਰਮੈਨ ਕੰਵਲਜੀਤ ਸਿੰਘ ਸਿਆੜ ਨਾਲ ਵਿਸ਼ੇਸ ਵਿਚਾਰ ਵਟਾਂਦਰਾ



ਸਰੀ (ਪੰਜਾਬ ਗਾਰਡੀਅਨ ਬਿਊਰੋ): ਮਲ਼ੌਦ (ਲੁਧਿਆਣਾ)ਮਾਰਕੀਟ ਕਮੇਟੀ ਦੇ ਚੇਅਰਮੈਨ ਕੰਵਲਜੀਤ ਸਿੰਘ ਸਿਆੜ ਆਪਣੇਂ ਸਾਥੀਆਂ ਨਾਲ ਉਚੇਚੇ ਤੌਰ ਤੇ ਸਾਡੇ ਵਿਸ਼ੇਸ਼ ਪ੍ਰਤੀਨਿਧ ਗੁਰਸੇਵ ਸਿੰਘ ਪੰਧੇਰ ਨੂੰ ਮਿਲਣ ਲਈ ਪੰਜਾਬ ਗਾਰਡੀਅਨ ਦੇ ਦਫਤਰ ਆਏ। ਉਨ੍ਹਾਂ ਨੇ ਪੰਜਾਬ ਦੇ ਵਾਤਾਵਰਣ ਦੀ ਸ਼ੁਧਤਾ ਲਈ ਵਿਸ਼ੇਸ਼ ਯਤਨ ਕਰਨ ਲਈ ਵਿਚਾਰ ਵਟਾਂਦਰਾ ਕੀਤਾ। ਇਸ ਸਮੇਂ ਉਨ੍ਹਾਂ ਨੇ ਬਹੁਤ ਹੀ ਵਡਮੁੱਲੇ ਵਿਚਾਰ ਦਿੱਤੇ। ਉਨ੍ਹਾਂ ਕਿਹਾ ਕਿ ਆਪੋ ਆਪਣੇ ਇਲਾਕੇ ਵਿੱਚ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ ਦੀ ਸੰਭਾਲ ਬਾਰੇ ਪੰਜਾਬੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਚੇਤੇ ਰਹੇ ਕਿ ਸਰਦਾਰ ਕੰਵਲਜੀਤ ਸਿੰਘ ਲੁਧਿਆਣਾ ਜਿਲ੍ਹੇ ਦੀ ਨਾਮਵਰ ਸ਼ਖਸ਼ੀਅਤ ਹਨ ਜਿਨ੍ਹਾਂ ਦਾ ਇਲਾਕੇ ਵਿੱਚ ਚੰਗਾ ਅਸਰ ਰਸੂਖ ਹੈ। ਪੰਜਾਬ ਗਾਰਡੀਅਨ ਵੱਲੋਂ ਦਿੱਤੇ ਗਏ ਸੁਝਾਵਾਂ ਉਪਰ ਉਨ੍ਹਾਂ ਨੇ ਤਰੁੰਤ ਗੌਰ ਕਰਨ ਦਾ ਭਰੋਸਾ ਦਿੱਤਾ।

# ਸਰੀ ਦੇ ਪੁਲੀਸ ਮੁਖੀ ਦੀ ਪੰਜਾਬੀ ਪ੍ਰੈਸ ਕਲੱਬ ਨਾਲ ਵਿਸ਼ੇਸ਼ ਮਿਲਣੀ




ਸਰੀ:ਪਿਛਲੇ ਦਿਨੀ ਸਰੀ ਦੀ ਪੁਲੀਸ ਦੇ ਮੁਖੀ ਅਤੇ ਹੋਰ ਪੁਲਿਸ ਅਧਿਕਾਰੀਆਂ ਨੇ ਪੰਜਾਬੀ ਪ੍ਰੈਸ ਕਲੱਬ ਨਾਲ ਵਿਸ਼ੇਸ਼ ਮਿਲਣੀਂ ਕੀਤੀ। ਇਸ ਮੀਟਿੰਗ ਸਰੀ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਕਈ ਹੋਰ ਮੁੱਦੇ ਵਿਚਾਰੇ ਗਏ। ਪੰਜਾਬ ਗਾਰਡੀਅਨ ਵੱਲੋਂ ਸ. ਗੁਰਸੇਵ ਸਿੰਘ ਪੰਧੇਰ ਵਿਸ਼ੇਸ਼ ਤੌਰ ਤੇ ਮੀਟੰਗ ਵਿੱਚ ਹਾਜ਼ਰ ਹੋਏ ਅਤੇ ਉਨ੍ਹਾਂ ਨੇ ਵੀ ਪੁਲੀਸ ਮੁਖੀ ਨਾਲ ਵੀਚਾਰਾਂ ਸਾਂਝੀਆਂ ਕੀਤੀਆਂ ਅਤੇ ਅਹਿਮ ਮੁੱਦੇ ਉਠਾਏ ।


MB BRAR & Co.
Accounting & Business Professionals

INCOME TAX ਇਨਕਮ ਟੈਕਸ
Nil Income Still Eligible For Refunds. E-file For Faster Refunds
ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite And Professional Services, Please See Us

| | |
|---|---|
| • Personal Tax (T1) | • ਪਰਸਨਲ ਟੈਕਸ |
| • Sole Proprietor | • ਪ੍ਰੋਪਰਾਇਟਰ |
| • Corporate Tax (T2) | • ਕੋਰਪੋਰੇਟ ਟੈਕਸ |
| • Partnerships | • ਪਾਰਟਨਰਸ਼ਿਪ |
| • GST, PST & HST | • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ. |
| • WCB | • ਡਬਲਿਊ.ਸੀ.ਬੀ. |
| • CRA Reviews | • ਸੀ.ਆਰ.ਏ. ਰਿਵੀਉਜ਼ |
| • Business Planning | • ਬਿਜਨਿਸ ਪਲੈਨਿੰਗ |

All Revenue Canada applications and inquiries.
Mandeep Brar: 778-908-3317
mandeep@brarco.ca





Continental Immigration Solutions
"Helping Make Canada Home"

| | |
|---|---|
| • Super Visa | • ਸੁਪਰ ਵੀਜ਼ਾ |
| • Permanent Residence | • ਪਰਮਾਨੈਂਟ ਰੇਜੀਡੈਂਸ |
| • Study Permit | • ਸਟੱਡੀ ਪਰਮਿਟ |
| • Work Permit | • ਵਰਕ ਪਰਮਿਟ |
| • Provincial Nominations | • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ |
| • Spousal Sponsorship | • ਪਤੀ/ਪਤਨੀ ਸਪੌਂਸਰਸ਼ਿਪ |

Sukhvir Chand
RCIC, BBA
778-549-6851
sukh@cisonline.ca
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# ਗੁ. ਸ੍ਰੀ ਗੁਰੂ ਸਿੰਘ ਸਭਾ ਸਰੀ ਵਿਚ ਗਦਰੀ ਯੋਧਿਆਂ ਦੇ ਨਵੇਂ ਚਿੱਤਰਾਂ ਦਾ ਉਦਘਾਟਨ



**ਭਾਈ ਭਗਵਾਨ ਸਿੰਘ ਦੋਸਾਂਝ**

1865 ਵਿਚ ਜਲੰਧਰ ਦੇ ਪਿੰਡ ਦੋਸਾਂਝ ਕਲਾਂ ਵਿਚ ਜਨਮ ਹੋਇਆ।1907 ਵਿਚ ਵੈਨਕੂਵਰ ਕੈਨੇਡਾ ਆਏ।ਜੈਤੋ ਮੋਰਚੇ ਵਿਚ ਹਿੱਸਾ ਲੈਣ ਵਾਸਤੇ ਹਿੰਦੋਸਤਾਨ ਪਹੁੰਚੇ ਤੇ 9 ਨਵੰਬਰ, 1924 ਨੂੰ ਗ੍ਰਿਫਤਾਰ ਹੋਏ।ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਤੇ ਅਖੀਰ ਸੰਘਰਸ਼ਮਈ ਸਰਗਰਮ ਜੀਵਨ ਮਗਰੋਂ ਸਤੰਬਰ 1958 ਵਿਚ ਚਲਾਣਾ ਕਰ ਗਏ।



**ਭਾਈ ਮਿੱਤ ਸਿੰਘ ਪੰਡੋਰੀ**

ਸਤੰਬਰ 12, 1888 ‘ਚ ਲੁਧਿਆਣੇ ਦੇ ਪਿੰਡ ਪੰਡੋਰੀ ਵਿਚ ਜਨਮ ਹੋਇਆ ਤੇ 11 ਸਤੰਬਰ,1907 ਵਿਚ ਵੈਨਕੂਵਰ ਕੈਨੇਡਾ ਪਹੁੰਚ ਗਏ।ਸਮਾਜਕ ਗਤੀਵਿਧੀਆਂ ‘ਚ ਸਰਗਰਮ ਸਨ ਤੇ ਕਾਮਾਗਾਟਾਮਾਰੂ ਦੀ ਮੱਦਦ ਕਰਨ ਵਾਲੀ ਸ਼ੋਰ ਕਮੇਟੀ ’ਚ ਸਨ।ਸਿੱਖਿਆ ਤੇ ਸਮਾਜ ਸੁਧਾਰ ਦੇ ਕੰਮ ਵਾਸਤੇ ਹਿੰਦੋਸਤਾਨ ਵਿਚ ਰਹੇ ਤੇ 1 ਅਪ੍ਰੈਲ,1959 ਨੂੰ ਚਲਾਣਾ ਕਰ ਗਏ।




**ਭਾਈ ਸ਼ੇਰ ਸਿੰਘ ਵੇਈਂ ਪੂਈਂ**

ਭਾਈ ਸ਼ੇਰ ਸਿੰਘ ਵੇਈਂ ਪੂਈਂ 1880 ਵਿਚ ਅੰਮ੍ਰਿਤਸਰ ਦੇ ਪਿੰਡ ਵੇਈਂ ਪੂਈਂ ਵਿਚ ਜਨਮ ਹੋਇਆ ਤੇ 1908 ਵਿਚ ਫੌਜ ਦੀ ਨੌਕਰੀ ਛੱਡ ਵੈਨਕੂਵਰ ਕੈਨੇਡਾ ਪਹੁੰਚੇ।ਗਦਰ ਫੈਲਾਉਣ ਲਈ ਹਿੰਦੋਸਤਾਨ ਗਏ ਤੇ ਅਕਤੂਬਰ 29, 1914 ਨੂੰ ਗ੍ਰਿਫਤਾਰ ਹੋਏ।ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਤੇ ਜਾਇਦਾਦ ਜ਼ਬਤ ਹੋਈ ਤੇ 28 ਮਾਰਚ 1966 ਨੂੰ ਚਲਾਣਾ ਕਰ ਗਏ।



**ਭਾਈ ਚੈਂਚਲ ਸਿੰਘ ਜੰਡਿਆਲਾ**

1883 ਵਿਚ ਜਲੰਧਰ ਦੇ ਪਿੰਡ ਜੰਡਿਆਲਾ ਵਿਚ ਜਨਮ ਹੋਇਆ ਤੇ 1912 ਵਿਚ ਜਾਪਾਨ, ਮੈਕਸੀਕੋ ਹੁੰਦੇ ਹੋਏ ਵੈਨਕੂਵਰ ਕੈਨੇਡਾ ਪਹੁੰਚੇ।ਗਦਰ ਫੈਲਾਉਣ ਲਈ ਹਿੰਦੋਸਤਾਨ ਗਏ ਤੇ ਅਕਤੂਬਰ 31,1914 ਨੂੰ ਗ੍ਰਿਫਤਾਰ ਹੋਏ।ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਤੇ ਅਖੀਰ ਸੰਘਰਸ਼ ਮਈ ਸਰਗਰਮ ਜੀਵਨ ਮਗਰੋਂ ਅਕਤੂਬਰ 13, 1962 ‘ਚ ਚਲਾਣਾ ਕਰ ਗਏ।



**ਸੇਠ ਹੁਸੈਨ ਰਹੀਮ**

1865 ਵਿਚ ਦਿਲੀ ਵਿਖੇ ਜਨਮ ਹੋਇਆ ਤੇ 14 ਜਨਵਰੀ, 1910 ਵਿਚ ਵੈਨਕੂਵਰ ਕੈਨੇਡਾ ਪਹੁੰਚੇ।ਸਮਾਜਕ ਵਿਚ ਸਰਗਰਮ ਸਨ ਤੇ ਕਾਮਾਗਾਟਾਮਾਰੂ ਦੀ ਮਦਦ ਕਰਨ ਵਾਲੀ ਸ਼ੋਰ ਕਮੇਟੀ ਦੇ ਵਿਚ ਸਨ।ਹਿੰਦੋਸਤਾਨ ਦੀ ਆਜ਼ਾਦੀ ਦੇ ਸੰਘਰਸ਼ ਲਈ ਗਦਰ ਪਾਰਟੀ ਵਿਚ ਸਰਗਰਮ ਸਨ ਤੇ 31 ਜਨਵਰੀ,1935 ਨੂੰ ਵੈਨਕੂਵਰ ਵਿਚ ਚਲਾਣਾ ਕਰ ਗਏ।



**ਭਾਈ ਰਤਨ ਸਿੰਘ ਰਾਏਪੁਰ ਡੱਬਾ**

1879 ਵਿਚ ਜਲੰਧਰ ਦੇ ਪਿੰਡ ਰਾਏਪੁਰ ਡੱਬਾ ਵਿਚ ਜਨਮ ਹੋਇਆ ਤੇ 1907 ਵਿਚ ਵੈਨਕੂਵਰ ਕੈਨੇਡਾ ਪਹੁੰਚੇ।ਆਜ਼ਾਦੀ ਦੇ ਸੰਘਰਸ਼ ਵਿਚ ਹਿਸਾ ਲਿਆ ਤੇ ਇਸ ਦਾ ਪਰਚਾਰ ਕਰਨ ਲਈ ਸਾਰੀ ਦੁਨੀਆ ਦਾ ਦੌਰਾ ਕੀਤਾ। ਅਖੀਰ ਸੰਘਰਸ਼ ਮਈ ਸਰਗਰਮ ਜੀਵਨ ਮਗਰੋਂ ਸਤੰਬਰ,1943 ਵਿਚ ਰੋਮ ਵਿਖੇ ਚਲਾਣਾ ਕਰ ਗਏ।



**ਭਾਈ ਨੰਦ ਸਿੰਘ ਕੈਲਾ**

1870 ਵਿਚ ਲੁਧਿਆਣੇ ਦੇ ਪਿੰਡ ਕੈਲਾ ਵਿਚ ਜਨਮ ਹੋਇਆ ਤੇ 1907 ਵਿਚ ਵੈਨਕੂਵਰ ਕੈਨੇਡਾ ਪਹੁੰਚੇ।ਗਦਰ ਫੈਲਾਉਣ ਲਈ ਹਿੰਦੋਸਤਾਨ ਗਏ ਤੇ ਮਾਰਚ 3, 1915 ਨੂੰ ਗ੍ਰਿਫਤਾਰ ਹੋਏ।ਲਾਹੌਰ ਸਾਜ਼ਿਸ਼ ਕੇਸ ਵਿਚ ਮੌਤ ਦੀ ਸਜ਼ਾ ਮਿਲੀ ਜੋ ਬਾਦ ਵਿਚ ਉਮਰ ਕੈਦ ਕਾਲੇ ਪਾਣੀ ਅੰਡਾਮਾਨ ਜੇਲ ਵਿਚ ਕੱਟੀ।ਨਵੰਬਰ 5, 1950 ਵਿਚ ਚਲਾਣਾ ਕਰ ਗਏ।



**ਕਾਮਰੇਡ ਇਕਬਾਲ ਸਿੰਘ ਹੁੰਦਲ**

1902 ਵਿਚ ਜਲੰਧਰ ਦੇ ਪਿੰਡ ਢੁਡਿਆਲ ਵਿਚ ਜਨਮ ਹੋਇਆ ਤੇ 1913 ਵਿਚ ਵੈਨਕੂਵਰ ਕਨੇਡਾ ਪਹੁੰਚੇ।ਹਿੰਦੋਸਤਾਨ ਦੀ ਆਜ਼ਾਦੀ ਲਈ ਗਦਰੀਆਂ ਨਾਲ ਰਹੇ ਤੇ ਜਨਵਰੀ 10,1936 ਨੂੰ ਗ੍ਰਿਫਤਾਰ ਹੋਏ।ਹਿੰਦੋਸਤਾਨ ਕਮਿਊਨਿਸਟ ਪਾਰਟੀ ਵਿਚ ਸਰਗਰਮ ਜੀਵਨ ਮਗਰੋਂ 26 ਦਸੰਬਰ, 1965 ਵਿਚ ਵੈਨਕੂਵਰ ਵਿਖੇ ਚਲਾਣਾ ਕਰ ਗਏ।



**ਬਾਬਾ ਬਚਿੰਤ ਸਿੰਘ ਰੁੜਕਾ ਕਲਾਂ**

1876 ਵਿਚ ਜਲੰਧਰ ਦੇ ਪਿੰਡ ਰੁੜਕਾਂ ਕਲਾਂ ਵਿਚ ਜਨਮ ਹੋਇਆ ਤੇ 1907 ਵਿਚ ਵੈਨਕੂਵਰ ਕੈਨੇਡਾ ਪਹੁੰਚੇ।ਗਦਰ ਫੈਲਾਉਣ ਲਈ ਹਿੰਦੋਸਤਾਨ ਗਏ ਤੇ ਮਾਰਚ 3, 1915 ਨੂੰ ਗ੍ਰਿਫਤਾਰ ਹੋਏ।ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਤੇ ਅਖੀਰ ਸੰਘਰਸ਼ ਮਈ ਸਰਗਰਮ ਜੀਵਨ ਮਗਰੋਂ ਅਪਰੈਲ 11,1961 ਵਿਚ ਚਲਾਣਾ ਕਰ ਗਏ।



ਅੰਗਰੇਜ ਸਿੰਘ ਬਰਾੜ, ਹਰਦਨਮ ਸਿੰਘ ਮਾਨ, ਗੁਰਵਿੰਦਰ ਸਿੰਘ ਧਾਲੀਵਾਲ, ਰਸ਼ਪਾਲ ਗਿੱਲ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਸੇਖਾ,
ਸ. ਜਸਵਿੰਦਰ ਸਿੰਘ ਖਹਿਰਾ, ਸ. ਬਲਬੀਰ ਸਿੰਘ ਨਿੱਝਰ, ਮੋਹਨ ਗਿੱਲ, ਸ. ਸੁਰਜੀਤ ਸਿੰਘ ਪੰਧੇਰ, ਸ. ਗੁਰਮੀਤ ਸਿੰਘ ਧਾਲੀਵਾਲ, ਹਰਕੀਰਤ ਸਿੰਘ ਕੁਲਾਰ, ਪ੍ਰਿਥੀਪਾਲ ਸੋਹੀ



ਸਰੀ, (ਹਰਦਮ ਮਾਨ)- 17 ਸਤੰਬਰ ਸ਼ਾਮ ਨੂੰ ਗੁਰਦੁਆਰਾ ਸ੍ਰੀ ਸਿੰਘ ਸਭਾ ਸਰੀ ਵਿਚ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਚਿਤਰੇ ਗਏ ਕੈਨੇਡੀਅਨ ਗ਼ਦਰੀ ਯੋਧਿਆਂ ਦੇ ਨਵੇਂ ਚਿੱਤਰਾਂ ਦਾ ਉਦਘਾਟਨ ਸੰਗਤ ਦੀ ਭਰਵੀਂ ਹਾਜਰੀ ਵਿਚ ਹੋਇਆ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਬਲਵੀਰ ਸਿੰਘ, ਜਸਵਿੰਦਰ ਸਿੰਘ ਖਹਿਰਾ, ਗੁਰਮੀਤ ਸਿੰਘ ਧਾਲੀਵਾਲ, ਰੁਪਿੰਦਰਜੀਤ ਸਿੰਘ ਕਾਹਲੋਂ, ਸੁਰਜੀਤ ਸਿੰਘ ਪੰਧੇਰ ਅਤੇ ਪਰਮਜੀਤ ਸਿੰਘ ਗਿੱਲ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਪ੍ਰੋ. ਹਰਿੰਦਰ ਕੌਰ ਸੋਹੀ, ਅੰਗਰੇਜ਼ ਸਿੰਘ ਬਰਾੜ, ਹਰਦਮ ਸਿੰਘ ਮਾਨ, ਗੁਰਮੀਤ ਸਿੰਘ ਬਰਾੜ, ਰਛਪਾਲ ਸਿੰਘ ਗਿੱਲ, ਡਾ. ਹਰਜੋਤ ਕੌਰ ਖਹਿਰਾ ਅਤੇ ਸ਼ਹਿਰ ਦੀਆਂ ਕਈ ਹੋਰ ਸ਼ਖ਼ਸੀਅਤਾਂ ਮੌਜੂਦ ਸਨ।ਗੁਰਦੁਆਰਾ ਸਾਹਿਬ ਦੀ ਇਹ ਗੈਲਰੀ ਉਹਨਾਂ ਕੈਨੇਡੀਅਨ ਗਦਰੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੈ ਜਿਹਨਾਂ ਨੇ ਕੈਨੇਡਾ ਤੋਂ ਭਾਰਤ ਵਾਪਸ ਜਾ ਕੇ ਆਜ਼ਾਦੀ ਅੰਦੋਲਨ ਵਿਚ ਹਿੱਸਾ ਲਿਆ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਉਮਰ ਕੈਦਾਂ ਕੱਟੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਝੱਲਣ ਦੇ ਨਾਲ ਨਾਲ ਆਪਣੀਆਂ ਜਾਇਦਾਦਾਂ ਜ਼ਬਤ ਕਰਵਾਈਆਂ, ਜੂਹ ਬੰਦੀ ਤੇ ਜੇਲਾਂ ਵਿਚ ਅਨੇਕਾਂ ਤਸੀਹੇ ਝੱਲੇ। ਇਸ ਗੈਲਰੀ ਵਿਚ ਅੱਜ 10 ਯੋਧਿਆਂ ਦੇ ਚਿੱਤਰ ਹੋਰ ਲਾਏ ਗਏ ਹਨ ਅਤੇ ਹੁਣ ਸਾਰੇ 41 ਯੋਧਿਆਂ ਦੀਆਂ ਤਸਵੀਰਾਂ ਇੱਥੇ ਸੁਸ਼ੋਭਿਤ ਹੋ ਗਈਆਂ ਹਨ। ਇਹ ਸਾਰੇ ਚਿੱਤਰ ਜਰਨੈਲ ਸਿੰਘ ਆਰਟਿਸਟ ਦੀ ਹੀ ਕਲਾਕ੍ਰਿਤ ਹਨ।

ਇਸ ਮੌਕੇ ਬੋਲਦਿਆਂ ਇਨ੍ਹਾਂ ਚਿੱਤਰਾਂ ਦੇ ਰਚਾਇਤਾ ਅਤੇ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਨੇ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਲੰਗਰ ਹਾਲ ਦੀ ਇਕ ਪੂਰੀ ਦੀ ਪੂਰੀ ਦੀਵਾਰ ਇਨ੍ਹਾਂ ਮਹਾਨ ਗ਼ਦਰੀ ਯੋਧਿਆਂ ਦੇ ਚਿੱਤਰਾਂ ਨੂੰ ਸਮਰਪਿਤ ਕਰ ਦਿੱਤੀ ਹੈ। ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਬਲਵੀਰ ਸਿੰਘ ਨਿੱਝਰ ਨੇ ਕਿਹਾ ਕਿ ਇਨ੍ਹਾਂ ਚਿੱਤਰਾਂ ਰਾਹੀਂ ਸਾਡੀ ਨੌਜਵਾਨ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਹਾਸਲ ਕਰ ਸਕੇਗੀ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਚ ਇਹ ਨਿਵੇਕਲਾ ਅਤੇ ਇਤਿਹਾਸਕ ਕਾਰਜ ਕਰਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਅਤੇ ਜਰਨੈਲ ਸਿੰਘ ਆਰਟਿਸਟ ਵਧਾਈ ਦੇ ਪਾਤਰ ਹਨ। ਸ਼ਾਇਰ ਮੋਹਨ ਗਿੱਲ ਨੇ ਆਖਿਆ ਕਿ ਇਨ੍ਹਾਂ ਚਿੱਤਰਾਂ ਦੀ ਖ਼ੂਬਸੂਰਤੀ ਇਹ ਹੈ ਕਿ ਹਰੇਕ ਚਿੱਤਰ ਦੇ ਹੇਠਾਂ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਮਹਾਨ ਯੋਧੇ ਦੇ ਨਾਮ ਅਤੇ ਸੰਖੇਪ ਵੇਰਵਾ ਦਰਜ ਕੀਤਾ ਗਿਆ ਹੈ।ਇੱਥੇ ਇਹ ਵੀ ਵਰਨਣਯੋਗ ਹੈ ਕਿ ਚਿੱਤਰਕਾਰ ਜਰਨੈਲ ਸਿੰਘ ਨੇ ਕਾਮਾਗਾਟਾਮਾਰੂ ਦੇ ਇਤਿਹਾਸ ਨੂੰ ਵੀ ਬਾਖ਼ੂਬੀ ਚਿਤਰਿਆ ਹੈ ਅਤੇ ਉਨ੍ਹਾਂ ਵੱਲੋਂ ਬਣਾਏ ਗ਼ਦਰੀ ਯੋਧਿਆਂ ਦੇ ਚਿੱਤਰ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਯਤਨਾਂ ਸਦਕਾ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ 2020 ਵਿਚ ਸਥਾਪਤ ਕੀਤੇ ਜਾ ਚੁੱਕੇ ਹਨ।

# ਵਿਸ਼ਵ ਬੈਂਕ ਵਲੋਂ ਪੰਜਾਬ ਨੂੰ 150 ਮਿਲੀਅਨ ਡਾਲਰ ਦੇ ਕਰਜ਼ ਨੂੰ ਮਨਜ਼ੂਰੀ

ਵਾਸ਼ਿੰਗਟਨ:-ਵਰਲਡ ਬੈਂਕ ਦੇ ਕਾਰਜਕਾਰੀ ਪ੍ਰਬੰਧਕੀ ਮੰਡਲ ਨੇ ਪੰਜਾਬ ਨੂੰ ਆਪਣੇ ਵਿੱਤੀ ਸਰੋਤਾਂ ਦੇ ਬਿਹਤਰ ਪ੍ਰਬੰਧਨ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ 150 ਮਿਲੀਅਨ ਅਮਰੀਕੀ ਡਾਲਰ ਦੇ ਕਰਜ਼ੇ ਦੀ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰੀ ਵਿੱਤੀ ਸੰਸਥਾ ਨੇ ਇਹ ਜਾਣਕਾਰੀ ਬਿਆਨ ਜਾਰੀ ਕਰਦਿਆਂ ਦਿੱਤੀ। ਵਿਸ਼ਵ ਬੈਂਕ ਦੀ ਡਾਇਰੈਕਟਰ ਅਗਸਟੇ ਤਾਨੋ ਨੇ ਕਿਹਾ ਕਿ ਵਿਸ਼ਵ ਬੈਂਕ ਵਲੋਂ ਸਮੇਂ ਸਮੇਂ 'ਤੇ ਅਜਿਹੀ ਸਹਾਇਤਾ ਰਾਸ਼ੀ ਜਾਰੀ ਕੀਤੀ ਜਾਂਦੀ ਹੈ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ
ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ
ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline
We Will Beat Or Match Any Price

Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM



ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided
- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102




ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ
ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ ਐਂਡ ਪਾਰਟੀ
ਨਾਲ ਸੰਪਰਕ ਕਰੋ


ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335





ਸਿਰਫ ਇੱਕ ਫੋਨ ਕਾਲ ਤੁਹਾਡੀ ਚਿੰਤਾ ਖਤਮ
ਸਾਡੀ ਦਵਾਈ (ਮਤਲਬ)= SEX ਰੋਗ ਖਤਮ
ਪੁਰਸ਼ਾਂ ਦੇ ਸੈਕਸ ਰੋਗ ਜਿਵੇਂ:-
- ਘੱਟ ਟਾਈਮ ਲੱਗਣਾ
- ਘੱਟ ਅਕੜਾਹਟ ਨਾਲ ਸੰਭੋਗ 'ਚ ਅਸਮਰਥਾ
- ਛੋਟਾ ਸਾਈਜ਼
- ਸ਼ੁਕਰਾਣੂ ਘੱਟ ਹੋਣਾ (ਬੱਚਾ ਪੈਦਾ ਨਾ ਕਰ ਸਕਣਾ)
- ਵੀਰਜ ਪਤਲਾ ਹੋਣਾ
- ਸੁਪਨਦੋਸ਼ ਅਤੇ ਧਾਂਤ ਰੋਗ



ਜੇਕਰ ਤੁਸੀਂ ਇੰਨ੍ਹਾਂ ਸੈਕਸ ਰੋਗਾਂ ਤੋਂ ਪੀੜਤ ਹੋ ਤਾਂ ਸਮਝੋ ਤੁਹਾਡੀ ਤਕਲੀਫ ਖਤਮ
ਮਿਲੋ ਪੰਜਾਬ ਭਰ 'ਚ ਪ੍ਰਸਿੱਧ ਅਤੇ ਰਾਸ਼ਟਰੀ ਅਵਾਰਡਾਂ ਨਾਲ ਸਨਮਾਨਿਤ
ਡਾ. ਬੀ.ਐਸ. ਜੌੜਾ
ਜੌੜਾ ਕਲੀਨਿਕ ਹੋਮਿਓਪੈਥਿਕ ਰਿਸਰਚ ਸੈਂਟਰ
ਸਾਹਮਣੇ ਪੰਜਾਬ ਸਿੰਧ ਬੈਂਕ, ਰਾਮਪੁਰਾ ਫੂਲ-151103 (ਬਠਿੰਡਾ) ਪੰਜਾਬ
98153-78723

# JSW TRANSPORT LTD.

**Canada & US Customs Bonded Carrier**
Email:info@jswtransport.com

**Looking for Qualified LONG TERM Class1 Drivers & Owner Operators**

**Qualifications and Skills**
*Drivers must have valid class1 driver license *Drivers with work permit can apply too
*Driver must have valid US visa to cross the border *Must be able to take pre-employment drug & alcohal testing screen *6 month over the road expericence but fresh driver also welcome




**Call for more information at 604-595-1555 or Fax:800-556-2026**

# DREAM BANQUET HALL




*Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events*

Capacity 350-375 seats

**For Bookings, Contact:**

**Ph:604-203-7272**

7236 -120St, Surrey, BC Email:info@dreambanquethall.ca

# Home Improvement


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।




ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੈਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ: 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**

## DAWN RENOVATION

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Commercial & Residential

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir **778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

**Off: 604-543-6239**

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

**Cell: 604-351-2538**
**Tel:604-596-5474**



MANJIT

CLASS "A" CERTIFIED & LICENCED ELECTRICIANS

## SINGH RAJ

RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**

## Ambrosia Renovation


Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

## J&J FRESH LOOK HOMES LTD.



**We Built Custom Homes**

• New Residential
• Commercial Const.
• Licensed
• Bonded
• Framing
• Roof Trusses
• Floor Trusses
• Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
**604.832.9308**
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਯੂਬਾ ਸਿਟੀ, ਕੈਲੀਫੋਰਨੀਆ ਦੇ ਬਜੁਰਗ ਸਿੱਖ ਆਗੂ ਸਰਦਾਰ ਦੀਦਾਰ ਸਿੰਘ ਬੈਂਸ ਦੇ ਅੰਤਮ ਸੰਸਕਾਰ ਸਮੇਂ ਅੰਤਮ ਦਰਸ਼ਨਾਂ ਲਈ ਭਾਰੀ ਗਿਣਤੀ ਚ ਲੋਕ ਪਹੁੰਚੇ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) ਦੁਨੀਆਂ ਦੇ ਸਿੱਖ ਦਿਸਹੱਦਿਆਂ ਵਿੱਚ ਆਪਣਾ ਨਾਂ ਇੱਕ ਸਿੱਖ ਆਗੂ ਤੇ ਦਾਨੀ ਵਜੋਂ ਸਥਾਪਿਤ ਕਰਨ ਵਾਲੇ ਸਰਦਾਰ ਦਿਦਾਰ ਸਿੰਘ ਬੈਂਸ ਦਾ ਅੱਜ ਅੰਤਮ ਸੰਸਕਾਰ ਯੂਬਾ ਸਿਟੀ ਵਿਖੇ ਕਰ ਦਿੱਤਾ ਗਿਆ ਇਸ ਮੌਕੇ ਉਨਾਂ ਨੂੰ ਪਿਆਰ ਕਰਨ ਵਾਲੇ ਤੇ ਅੰਤਮ ਦਰਸ਼ਨ ਕਰਨ ਵਾਲੇ ਲੋਕ ਭਾਰੀ ਗਿਣਤੀ ਚ ਜਮਾਂ ਹੋਏ, ਇਸ ਦੌਰਾਨ ਸਰਦਾਰ ਦਿਦਾਰ ਸਿੰਘ (84) ਦੇ ਪਰਿਵਾਰਿਕ ਮੈਂਬਰਾਂ ਚ ਉਨਾਂ ਦੀ ਪਤਨੀ ਸੰਤੀ ਬੈਂਸ, ਬੇਟਾ ਅਜੀਤ ਸਿੰਘ ਬੈਂਸ, ਬੇਟੀ ਦਲਜੀਤ ਕੌਰ, ਬੇਟਾ ਕਰਮਦੀਪ ਸਿੰਘ ਬੈਂਸ, ਜੋ ਕਿ ਸਟਰ ਕਾਊਂਟੀ ਸੁਪਰਵਾਈਜਰ ਹਨ ਅਤੇ ਵੱਡੇ ਪਰਿਵਾਰ ਸਮੇਤ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਵਲੋਂ ਸਰਦਾਰ ਦਿਦਾਰ ਸਿੰਘ ਬੈਂਸ ਨਾਲ ਆਪਣੇ ਆਪਣੇ ਤੁਜਰਬੇ ਤੇ ਵਿਹਾਰ ਸਾਂਝੇ ਕੀਤੇ। ਰਿਵਰ ਵੈਲੀ ਹਾਈ ਸਕੂਲ ਦੇ ਇੱਕ ਇੰਨਡੋਰ ਸਟੇਡੀਅਮ ਵਿੱਚ ਅਯੋਜਿਤ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਹਰ ਤਰਾਂ ਦੀ ਸ਼ਖਸ਼ੀਅਤ ਸ਼ਾਮਿਲ ਹੋਈ। ਜਿਨਾਂ ਵਿੱਚ ਖਾਸ ਤੌਰ ਤੇ ਕੈਲੀਫੋਰਨੀਆਂ ਦੇ ਸਾਬਕਾ ਗਵਰਨਰ ਜੈਰੀ ਬਰਾਊਨ, ਕਾਂਗਰਸਮੈਨ, ਕਾਊਂਟੀ ਸੁਪਰਵਾਈਜਰ, ਯੂਬਾ ਤੇ ਯੋਲੋ ਕਾਊਂਟੀ ਦੇ ਉਚ ਅਧਿਕਾਰੀ, ਮੇਅਰ ਯੂਬਾ ਸਿਟੀ, ਮੇਅਰ ਲੈਥਰੋਪ ਸੁਖਮਿੰਦਰ ਧਾਲੀਵਾਲ, ਤੋਂ ਇਲਾਵਾ ਸਿੱਖ ਭਾਈਚਾਰੇ ਵਿਚੋਂ ਸ੍ਰੀ ਤਖਤ ਕੇਸਗੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ, ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਜੀ, ਦਿਲਬਾਗ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਅਕਾਲੀ ਆਗੂ ਤੇ ਧਨਾਢ ਦਰਸ਼ਨ ਸਿੰਘ ਧਾਲੀਵਾਲ, ਬਾਬਾ ਬਲਬੀਰ ਸਿੰਘ ਬੁੱਢਾ ਦੱਲ, ਜੰਗ ਸਿੰਘ, ਗਿਆਨ ਸਿੰਘ ਸੰਧੂ ਕਨੇਡਾ, ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ, ਤੇ ਭਾਈ ਕੁਲਬੀਰ ਸਿੰਘ, ਬਲਦੇਵ ਸਿੰਘ ਸੱਲਾ ਈਸਟ ਕੋਸਟ, ਰਣਜੀਤ ਸਿੰਘ ਟੁੱਟ, ਜੱਥੇਦਾਰ ਤਾਰਾ ਸਿੰਘ, ਜਸਵਿੰਦਰ ਸਿੰਘ ਜੱਸੀ, ਨਿੱਝਰ ਬ੍ਰਦਰਜ, ਬਲਜੀਤ ਸਿੰਘ ਮਾਨ, ਸੁਰਿੰਦਰ ਸਿੰਘ ਅਟਵਾਲ, ਸੁਰਜੀਤ ਟੁੱਟ, ਦਲਵੀਰ ਸਿੰਘ ਸੰਘੇੜਾ, ਸੁਖਵੰਤ ਸਿੰਘ ਖੈਰਾ,ਜਤਿੰਦਰ ਭੰਗੂ, ਪੌਲ ਰਾਮ, ਸਰਬਜੀਤ ਥਿਆੜਾ, ਰੌਣਕ ਸਿੰਘ ਐਲ ਏ, ਸੁਖਵਿੰਦਰ ਅਬਲੋਵਾਲ, ਮੱਖਣ ਸਿੰਘ ਮੱਲਾ ਬੇਦੀਆਂ ਅਦਿ ਸਖਸ਼ੀਅਤਾਂ ਨੇ ਵਿਸ਼ੇਸ ਤੌਰ ਤੇ ਹਾਜਰੀ ਭਰੀ। ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਜਿਸਦੇ ਸਰਦਾਰ ਦਿਦਾਰ ਸਿੰਘ ਬਾਨੀ ਸਨ ਵਿੱਚ ਅੰਤਮ ਅਰਦਾਸ ਕੀਤੀ ਗਈ ਇਸ ਅੰਤਿਮ ਅਰਦਾਸ ਵਿੱਚ ਸਿਰਫ ਸਿੱਖ ਭਾਈਚਾਰੇ ਦੀ ਸੰਗਤ ਤੇ ਹੋਰ ਪਰਿਵਾਰ ਤੇ ਰਿਸ਼ਤੇਦਾਰ ਸ਼ਾਮਿਲ ਸਨ। ਇਸ ਮੌਕੇ ਸ੍ਰੀ ਤਖਤ ਕੇਸਗੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਵਲੋਂ ਬੈਂਸ ਪਰਿਵਾਰ ਨੂੰ ਸਿਰੋਪਾਓ ਦੇ ਕੇ ਤੇ ਗੁਰਦੁਆਰਾ ਸਾਹਿਬ ਵਲੋਂ ਦਿਦਾਰ ਸਿਮਘ ਬੈਂਸ ਦੇ ਨਾਂ ਦੀ ਪਲੈਕ ਭੇਂਟ ਕੀਤੀ ਗਈ। ਇਸ ਮੌਕੇ ਸ੍ਰੀ ਤਖਤ ਕੇਸਗੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਨੇ ਸਰਦਾਰ ਦਿਦਾਰ ਬੈਂਸ ਨੂੰ ਸਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਰਦਾਰ ਦਿਦਾਰ ਸਿੰਘ ਬੈਂਸ ਨੇ ਬੜੀ ਸਾਦਗੀ ਵਾਲਾ ਜੀਵਨ ਜੀਵਿਆ ਤੇ ਉਹ ਮਹਾਨ ਦਾਨੀ ਸਨ ਜਿਨਾਂ ਨੇ ਸਿੱਖ ਕੌਮ ਲਈ ਕਿਰਤ ਕਰਦਿਆਂ ਸਾਰਾ ਜੀਵਨ ਲਾ ਦਿੱਤਾ। ਉਨਾਂ ਗੁਰਬਾਣੀ ਤੇ ਕਵੀ ਗਿਰਧਰ ਦੇ ਕਈ ਹਵਾਲਿਆਂ ਤਹਿਤ ਸੰਗਤ ਨਾਲ ਰੂਬਰੂ ਹੋਏ ਤੇ ਬੈਂਸ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਨੇ ਕਥਾ ਤੇ ਸਰਧਾਂਜਲੀ ਭੇਂਟ ਕੀਤੀ ਤੇ ਸਰਦਾਰ

ਸਿੰਘ ਬੈਂਸ ਦੇ ਨਾਂ ਤੇ ਕੋਈ ਖਾਸ ਸਦੀਵੀ ਯਾਦਗਾਰ ਬਣਾਉਣ ਦੀ ਪ੍ਰਬੰਧਕਾਂ ਨੂੰ ਬੇਨਤੀ ਵੀ ਕੀਤੀ। ਇਸ ਮੌਕੇ ਸ੍ਰੀ ਤਖਤ ਕੇਸਗੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਤੇ ਸ੍ਰਮੋਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਭੇਜਿਆ ਸ਼ੋਕ ਸੰਦੇਸ਼ ਵੀ ਪੜ ਕੇ ਸੁਣਾਇਆ। ਇਸ ਮੌਕੇ ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ, ਗਿਆਨ ਸਿੰਘ ਸੰਧੂ ਕਨੇਡਾ, ਗੁਰਨਾਮ ਸਿਮਘ ਪੰਮਾ, ਹਰਬੰਸ ਸਿੰਘ ਪੰਮਾ ਆਦਿ ਨੇ ਵੀ ਸਰਦਾਰ ਸਿੰਘ ਬੈਂਸ ਨੂੰ ਸਰਧਾਂਜਲੀ ਭੇਂਟ ਕੀਤੀ। ਵਰਨਣਯੋਗ ਹੈ ਕਿ ਸਰਦਾਰ ਦਿਦਾਰ ਸਿੰਘ ਬੈਂਸ ਦਾ ਪੰਜਾਬ ਵਿਚਲਾ ਪਿੰਡ ਨੰਗਲ ਖੁਰਦ, ਨੇੜੇ ਮਾਹਿਲਪੁਰ ਹੁਸ਼ਿਆਰਪੁਰ ਹੈ।



# ਭਾਰਤੀ ਜੇਲ੍ਹਾਂ ਵਿਚ 30% ਤੋਂ ਵੱਧ ਕੈਦੀ ਮੁਸਲਮਾਨ ਹਨ:ਰਿਪੋਰਟ

## ਅਸਾਮ ਦੀ ਜੇਲ੍ਹ ਵਿਚ ਬੰਦ 61% ਮੁਸਲਮਾਨ ਹਨ:ਅੰਕੜੇ



ਨਵੀਂ ਦਿੱਲੀ: ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਕਾਨੂੰਨੀ ਹਿਰਾਸਤ ਵਿੱਚ ਬੰਦ 30 ਫੀਸਦੀ ਤੋਂ ਵੱਧ ਕੈਦੀ ਮੁਸਲਮਾਨ ਹਨ, ਜੋ ਕਿ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਤੋਂ ਦੁੱਗਣਾ ਹੈ।'ਦਿ ਹਿੰਦੂ' ਨੇ ਪ੍ਰਿਜ਼ਨ ਸਟੈਟਿਸਟਿਕਸ ਇੰਡੀਆ-2021 ਦੇ ਹਵਾਲੇ ਨਾਲ ਦੱਸਿਆ ਹੈ ਕਿ 2021 'ਚ ਭਾਰਤੀ ਜੇਲ੍ਹਾਂ 'ਚ ਬੰਦ 30 ਫੀਸਦੀ ਤੋਂ ਵੱਧ ਮੁਸਲਿਮ ਸਨ, ਜਦਕਿ ਮਰਦਮਸ਼ੁਮਾਰੀ-2011 ਦੇ ਮੁਤਾਬਕ ਦੇਸ਼ ਦੀ ਆਬਾਦੀ 'ਚ ਮੁਸਲਿਮ ਭਾਈਚਾਰੇ ਦੀ ਹਿੱਸੇਦਾਰੀ ਸਿਰਫ 14.2 ਫੀਸਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਚਾਰ ਤਰ੍ਹਾਂ ਦੇ ਕੈਦੀ ਰਹਿੰਦੇ ਹਨ।ਪਹਿਲਾਂ, ਅਪਰਾਧੀ, ਯਾਨੀ ਉਹ ਜਿਹੜੇ ਕਿਸੇ ਅਪਰਾਧ ਲਈ ਦੋਸ਼ੀ ਪਾਏ ਗਏ ਹਨ ਅਤੇ ਅਦਾਲਤ ਦੁਆਰਾ ਸਜ਼ਾ ਸੁਣਾਈ ਗਈ ਹੈ। ਦੂਜਾ, ਉਹ ਮੁਕੱਦਮੇ ਅਧੀਨ ਹਨ, ਜੋ ਇਸ ਸਮੇਂ ਅਦਾਲਤ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ।ਤੀਜਾ, ਉਹ ਨਜ਼ਰਬੰਦ ਜੋ ਕਾਨੂੰਨੀ ਤੌਰ 'ਤੇ ਨਜ਼ਰਬੰਦ ਹਨ। ਚੌਥਾ, ਉਹ ਜਿਹੜੇ ਇਨ੍ਹਾਂ ਤਿੰਨਾਂ ਸ਼੍ਰੇਣੀਆਂ ਵਿੱਚੋਂ ਕਿਸੇ ਨਾਲ ਸਬੰਧਤ ਨਹੀਂ ਹਨ ਅਤੇ ਜੋ ਕੈਦੀਆਂ ਦੀ ਕੁੱਲ ਗਿਣਤੀ ਦਾ ਬਹੁਤ ਛੋਟਾ ਹਿੱਸਾ ਹਨ।ਖਾਸ ਤੌਰ 'ਤੇ, ਸਾਲ 2021 ਦੌਰਾਨ, ਅਸਾਮ ਵਿੱਚ 61 ਪ੍ਰਤੀਸ਼ਤ ਅਪਰਾਧੀ ਅਤੇ 49 ਪ੍ਰਤੀਸ਼ਤ ਮੁਕੱਦਮੇ ਅਧੀਨ ਮੁਸਲਮਾਨ ਸਨ, ਜਦੋਂ ਕਿ ਮੁਸਲਿਮ ਭਾਈਚਾਰਾ ਰਾਜ ਦੀ ਆਬਾਦੀ ਦਾ 34 ਪ੍ਰਤੀਸ਼ਤ ਸੀ।ਜਿਨ੍ਹਾਂ ਰਾਜਾਂ ਵਿੱਚ ਨਜ਼ਰਬੰਦ ਕੈਦੀਆਂ ਦੀ ਗਿਣਤੀ ਮੁਕਾਬਲਤਨ ਜ਼ਿਆਦਾ ਹੈ, ਉੱਥੇ ਨਜ਼ਰਬੰਦ ਮੁਸਲਮਾਨਾਂ ਦਾ ਹਿੱਸਾ ਆਬਾਦੀ ਦੇ ਅਨੁਪਾਤ ਤੋਂ ਵੱਧ ਪਾਇਆ ਗਿਆ। ਇਨ੍ਹਾਂ ਵਿੱਚ ਗੁਜਰਾਤ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਸ਼ਾਮਲ ਹਨ।

ਆਸਾਮ ਦੀਆਂ ਜੇਲ੍ਹਾਂ ਵਿੱਚ 61% ਨਜ਼ਰਬੰਦ ਮੁਸਲਮਾਨ ਹਨ ਜਦੋਂਕਿ ਇਹ ਭਾਈਚਾਰਾ ਸੂਬੇ ਦੀ ਕੁੱਲ ਆਬਾਦੀ ਦਾ 34% ਬਣਦਾ ਹੈ।ਭਾਰਤ ਦੇ ਜੇਲ੍ਹਾਂ ਦੇ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਹਿਮਾਂਤਾ ਬਿਸਵਾ ਸਰਮਾ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਅਸਾਮ ਵਿੱਚ ਪੁਲਿਸ ਕਾਰਵਾਈ ਦੀਆਂ 161 ਘਟਨਾਵਾਂ ਹੋਈਆਂ, ਜਿਸ ਵਿੱਚ 51 ਲੋਕ ਮਾਰੇ ਗਏ ਅਤੇ 139 ਹੋਰ ਜ਼ਖਮੀ ਹੋਏ। ਇਨ੍ਹਾਂ ਵਿੱਚੋਂ ਘੱਟੋ-ਘੱਟ 22 ਮੁਸਲਮਾਨ ਸਨ।ਅੰਕੜਿਆਂ ਦੇ ਅਨੁਸਾਰ, 2021 ਵਿੱਚ, ਭਾਰਤੀ ਜੇਲ੍ਹਾਂ ਵਿੱਚ ਸਾਰੇ ਕੈਦੀਆਂ ਵਿੱਚੋਂ 30% ਮੁਸਲਮਾਨ ਸਨ ਜਦੋਂ ਕਿ ਦੇਸ਼ ਵਿੱਚ ਮੁਸਲਮਾਨਾਂ ਦੀ ਆਬਾਦੀ ਸਿਰਫ 14.2 ਪ੍ਰਤੀਸ਼ਤ ਸੀ।ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਦੱਸਦੇ ਹਨ ਕਿ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਕਈ ਬੇਕਸੂਰ ਮੁਸਲਮਾਨਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਨਜ਼ਰਬੰਦ ਕੀਤਾ ਗਿਆ ਹੈ।

# ਭਗਵੰਤ ਮਾਨ ਦਾ ਹਵਾਈ ਸਫ਼ਰ ਵਿਵਾਦ ਕੀ ਕਿਹਾ ਏਅਰ ਲਾਈਨਜ਼ ਨੇ?

ਜਰਮਨ:-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇੱਕ ਵਾਰ ਫਿਰ ਸੁਰਖੀਆਂ ਵਿੱਚ ਹਨ। ਇਸ ਵਾਰ ਮਾਮਲਾ ਉਨ੍ਹਾਂ ਨੂੰ ਜਰਮਨੀ ਦੇ ਇੱਕ ਜਹਾਜ਼ ਤੋਂ ਕਥਿਤ ਤੌਰ 'ਤੇ ਹੇਠਾਂ ਉਤਾਰਨ ਦਾ ਹੈ।ਇਸਤੋਂ ਬਾਅਦ ਵਿਰੋਧੀ ਧਿਰਾਂ ਨੇ ਭਗਵੰਤ ਮਾਨ ਨੂੰ ਘੇਰਿਆ ਹੈ। ਆਮ ਆਦਮੀ ਪਾਰਟੀ ਦੀ ਵੀ ਪ੍ਰਤੀਕਿਰਿਆ ਆਈ ਅਤੇ ਮਾਮਲੇ 'ਚ ਲੁਫਥਾਂਸਾ ਏਅਰਲਾਈਂਸ ਨੇ ਵੀ ਬਿਆਨ ਜਾਰੀ ਕੀਤਾ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਰਮਨੀ ਦੌਰੇ 'ਤੇ ਸਨ। ਉੱਥੋਂ ਵਾਪਸੀ 'ਚ ਕਈ ਘੰਟੇ ਦੀ ਦੇਰੀ ਹੋਈ ਜਿਸ ਮਗਰੋਂ ਕਈ ਸਵਾਲ ਖੜ੍ਹੇ ਕੀਤੇ ਗਏ ਅਤੇ ਇਲਜ਼ਾਮ ਲੱਗੇ ਕਿ ਉਨ੍ਹਾਂ ਨੂੰ ਸ਼ਰਾਬ ਪੀਣ ਕਾਰਨ ਜਹਾਜ਼ ਤੋਂ ਹੇਠਾਂ ਲਾਹ ਦਿੱਤਾ ਗਿਆ।ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ।ਲੁਫਥਾਂਸਾ ਏਅਰਲਾਈਨਜ਼ ਨੇ ਭਗਵੰਤ ਮਾਨ ਵੱਲੋਂ ਸ਼ਰਾਬ ਪੀਣ ਦੀ ਅਜਿਹੀ ਕੋਈ ਵੀ ਗੱਲ ਨਹੀਂ ਸਵੀਕਾਰੀ ਅਤੇ ਕਿਹਾ ਕਿ ਏਅਕਰਾਫ਼ਟ ਬਦਲਣ ਕਾਰਨ ਦੇਰੀ ਹੋਈ ਹੈ।ਕੰਪਨੀ ਨੇ ਟਵੀਟ ਕਰਕੇ ਕਿਹਾ, ''ਫਰੈਂਕਫਰਟ ਤੋਂ ਦਿੱਲੀ ਲਈ ਸਾਡੀ ਉਡਾਣ ਦੇਰੀ ਨਾਲ ਆਈ ਇਸਦਾ ਕਾਰਨ ਏਅਰਕ੍ਰਾਫ਼ਟ ਬਦਲਿਆ ਜਾਣਾ ਹੈ। ਕੰਪਨੀ ਨੇ ਅਗਲੇ ਟਵੀਟ ਵਿੱਚ ਕਿਹਾ ਕਿ ਅਸੀਂ ਡਾਟਾ ਸੁਰੱਖਿਆ ਕਾਰਨਾਂ ਕਰਕੇ ਯਾਤਰੀਆਂ ਦੀ ਜਾਣਕਾਰੀ ਨਹੀਂ ਦਿੰਦੇ।''ਲੁਫਥਾਂਸਾ ਏਅਰਲਾਈਜ਼ ਵੱਲੋਂ ਆਏ ਜਵਾਬ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਬੁਲਾਰੇ ਆਹਬਾਬ ਸਿੰਘ ਗਰੇਵਾਲ ਅਤੇ ਮਾਲਵਿੰਦਰ ਸਿੰਘ ਕੰਗ ਨੇ ਵਿਰੋਧੀਆਂ ਨੂੰ ਘੇਰਿਆ।ਮਾਲਵਿੰਦਰ ਸਿੰਘ ਕੰਗ ਨੇ ਕਿਹਾ, ''ਤੁਸੀਂ ਮੁੱਖ ਮੰਤਰੀ ਨੂੰ ਬਦਨਾਮ ਕਰਦੇ ਰਹੋ ਅਤੇ ਉਹ ਪੰਜਾਬ ਦੇ ਲਈ ਕੰਮ ਕਰਦੇ ਰਹਿਣਗੇ।''ਗਰੇਵਾਲ ਨੇ ਟਵੀਟ ਕੀਤਾ, ਲੁਫਥਾਂਸਾ ਨੇ ਮਾਮਲਾ ਸਪੱਸ਼ਟ ਕਰ ਦਿੱਤਾ ਹੈ। ਸੁਖਪਾਲ ਸਿੰਘ ਖਹਿਰਾ ਅਤੇ ਪ੍ਰਤਾਪ ਸਿੰਘ ਬਾਜਵਾ ਹੁਣ ਤੁਸੀਂ ਇਸ 'ਤੇ ਕੀ ਕਹੋਗੇ।ਕੰਗ ਨੇ ਕਿਹਾ, ''ਤੁਸੀਂ ਮੁੱਖ ਮੰਤਰੀ ਨੂੰ ਬਦਨਾਮ ਕਰਦੇ ਰਹੋ ਅਤੇ ਉਹ ਪੰਜਾਬ ਦੇ ਲਈ ਕੰਮ ਕਰਦੇ ਰਹਿਣਗੇ।''

# ਸੰਦੀਪ ਦੇ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗੈਂਗ ਨੇ ਲਈ


ਚੰਡੀਗੜ੍ਹ: ਰਾਜਸਥਾਨ 'ਚ ਨਗੌਰ ਅਦਾਲਤ ਦੇ ਬਾਹਰ ਗੈਂਗਸਟਰ ਸੰਦੀਪ ਬਿਸ਼ਨੋਈ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੀ ਜ਼ਿੰਮੇਵਾਰੀ ਬੰਬੀਹਾ ਗੈਂਗ ਨੇ ਲਈ ਹੈ। ਬੰਬੀਹਾ ਗਰੁੱਪ ਨੇ ਸੁਲਤਾਨ ਦਵਿੰਦਰ ਬੰਬੀਹਾ ਫੇਸਬੁਕ ਅਕਾਊਂਟ 'ਤੇ ਪੋਸਟ ਪਾ ਕੇ ਕਿਹਾ ਕਿ ਸੰਦੀਪ ਦਾ ਕਤਲ ਉਨ੍ਹਾਂ ਦੇ ਸ਼ੇਰ ਭਰਾਵਾਂ ਵੱਲੋਂ ਕੀਤਾ ਗਿਆ ਹੈ। ਆਉਣ ਵਾਲੇ ਸਮੇਂ 'ਚ ਲਾਰੈਂਸ ਬਿਸ਼ਨੋਈ, ਜੱਗੂ ਅਤੇ ਗੋਲਡੀ ਦਾ ਵੀ ਇਹੋ ਹਸ਼ਰ ਹੋਵੇਗਾ। ਇਹ ਤਿੰਨੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ ਹੇਠ ਨਾਮਜ਼ਦ ਹਨ। ਬੰਬੀਹਾ ਗੈਂਗ ਨੇ ਪਹਿਲਾਂ ਹੀ ਕਿਹਾ ਸੀ ਕਿ ਸਿੱਧੂ ਮੂਸੇਵਾਲਾ ਦਾ ਨਾਂਅ ਉਨ੍ਹਾਂ ਦੇ ਗੈਂਗ ਨਾਲ ਜ਼ਬਰਦਸਤੀ ਜੋੜਿਆ ਗਿਆ ਸੀ ਅਤੇ ਇਸ ਲਈ ਲਾਰੈਂਸ ਨੇ ਉਸ ਦਾ ਕਤਲ ਕਰਵਾਇਆ।


ICBC Certified Driving School

B and H Driving School Inc.

Surrey BC

Driving Training 5, 7




Certified Instructor
Reasonable Rates
Punjabi Speaking
Car Available for Road Test

ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :

604-807-2296

2310

## ਸਿਹਤ ਸੰਬੰਧੀ



# ਗੋਡਿਆਂ ਦੀ ਦਰਦ ਅਤੇ ਹੋਮਿਓਪੈਥੀ

ਆਪਣੀ ਬਣਤਰ ਕਾਰਣ ਮਨੁੱਖ ਦੇ ਗੋਡੇ ਸਿਰਫ਼ ਅੱਗੇ ਜਾਂ ਪਿੱਛੇ ਨੂੰ ਹੀ ਮੁੜ ਸਕਦੇ ਹਨ। ਗੋਡਿਆਂ ਵਿੱਚ ਚੰਦਰਮਾ ਆਕਾਰ ਦੀ ਝਿੱਲੀ ਅਤੇ ਦੋਵਾਂ ਪਾਸੇ ਲਿਗਾਮੈਂਟਸ ਤੋਂ ਇਲਾਵਾ ਅੰਦਰੂਨੀ ਲਿਗਾਮੈਂਟ ਵੀ ਹੁੰਦੀ ਹੈ। ਗੋਡਿਆਂ ਦੀਆਂ ਆਮ ਅਲਾਮਤਾਂ ਵਿੱਚ ਝਟਕਾ ਲੱਗਣਾ, ਖਿਚਾਅ ਅਤੇ ਦਬਾਅ ਪੈਣਾ ਸ਼ਾਮਲ ਹਨ। ਗੋਡੇ ਦੀ ਦਰਦ ਜਾਂ ਤਕਲੀਫ਼ ਠੀਕ ਹੋਣ ਨੂੰ ਲੰਮਾ ਸਮਾਂ ਲੱਗ ਜਾਂਦਾ ਹੈ। ਗੋਡਿਆਂ ਦੇ ਜੋੜਾਂ ਦੀ ਸੋਜਸ਼ ਦੀ ਬਿਮਾਰੀ ਜਿਸ ਵਿੱਚ ਸਾਇਨੋਵਾਈਟੀਜ਼, ਬਰਸਾਈਟੀਜ਼ ਅਤੇ ਰੋਮਾਟੋਇਡ ਅਰਥਰਾਇਟਿਸ ਹੋ ਸਕਦਾ ਹੈ। ਬਾਰ-ਬਾਰ ਹੋਣ ਵਾਲੀ ਘਿਸਾਈ ਕਾਰਣ ਗੋਡਿਆਂ ਦੀ ਆਸਟਿਓਆਰਥਰਾਇਟਿਸ ਦੀ ਬਿਮਾਰੀ ਵੀ ਹੋ ਜਾਂਦੀ ਹੈ। ਇਸ ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ: ਜੋੜ ਦੀ ਸੋਜਸ਼, ਹੱਡੀਆਂ ਦੀ ਆਪਸ ਵਿੱਚ ਰਗੜ, ਗੋਡੇ ਦੇ ਜੋੜ ਦਾ ਖੜ੍ਹ ਜਾਣਾ ਜਾਂ ਲੌਕ ਹੋ ਜਾਣਾ, ਤੁਰਨ-ਫ਼ਿਰਨ ਵਿੱਚ ਅਸਮਰੱਥ ਹੋਣਾ ਅਤੇ ਗੋਡੇ ਦੇ ਪੱਠਿਆਂ ਦਾ ਨਸ਼ਟ ਹੋਣਾ। ਗੋਡਿਆਂ ’ਤੇ ਕੋਈ ਸੱਟ ਲੱਗਣ ਕਾਰਣ, ਐਕਸੀਡੈਂਟ ਕਾਰਣ ਜਾਂ ਕੰਮ ’ਤੇ ਗੋਡਿਆਂ ਦੇ ਖ਼ਾਸ ਇਸਤੇਮਾਲ ਕਾਰਣ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ। ਐਕਸੀਡੈਂਟ ਕਾਰਣ ਹੱਡੀ ਦੀ ਟੁੱਟ-ਭੱਜ ਜਾਂ ਮਨਿਸਕਸ ਅਤੇ ਲਿਗਾਮੈਂਟਸ ਵਿੱਚ ਆਈ ਤਰੇੜ ਕਾਰਣ ਜਿੱਥੇ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਉੱਥੇ ਹੀ ਪੀੜਤ ਮਨੁੱਖ ਨੂੰ ਇਲਾਜ ਤੋਂ ਬਾਅਦ ਵੀ ਗੋਡਿਆਂ ਦੇ ਦਰਦ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਤਾਉਂਦੀਆਂ ਰਹਿੰਦੀਆਂ ਹਨ।

ਜੇ ਇਨ੍ਹਾਂ ਸਮੱਸਿਆਵਾਂ ਦਾ ਢੁਕਵਾਂ ਇਲਾਜ ਨਾ ਕੀਤਾ ਜਾਵੇ ਤਾਂ ਉਹ ਚਿਰਕਾਲੀ ਬਣਨ ਤੋਂ ਬਾਅਦ ਹੋਰ ਵੀ ਗੰਭੀਰ ਰੂਪ ਲੈ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਗੋਡਿਆਂ ਦੀ ਦਰਦਾਂ ਸਿਰਫ਼ ਉਪਰੋਕਤ ਕਾਰਣਾਂ ਨਾਲ ਹੀ ਜੁੜਿਆਂ ਹੋਣ। ਕਿਸੇ ਵਿਅਕਤੀ ਦੀਆਂ ਖਾਣ-ਪੀਣ ਦੀਆਂ ਆਦਤਾਂ, ਕਸਰਤ ਦੀ ਘਾਟ, ਲੋੜ ਨਾਲੋਂ ਜ਼ਿਆਦਾ ਵਜ਼ਨ, ਸਮੁੱਚੀ ਜੀਵਨ-ਸ਼ੈਲੀ ਅਤੇ ਵਧਦੀ ਉਮਰ ਨਾਲ ਸੰਬੰਧਤ ਹੋਰ ਕਈ ਸਮੱਸਿਆਵਾਂ ਵੀ ਗੋਡਿਆਂ ਦੇ ਦਰਦ ਦਾ ਕਾਰਣ ਹੋ ਸਕਦੀਆਂ ਹਨ।

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ ’ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:** ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, “ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ”, ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ :** ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ।

ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ।

ਹੋਮਿਓਪੈਥ ਆਰ.ਐੱਸ.ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਦਾਇਰ ਪਟੀਸ਼ਨ ਖਾਰਜ

## ਸੁਪਰੀਮ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਐਕਟ ਦੀ ਹੋਂਦ ਨੂੰ ਬਰਕਰਾਰ ਰੱਖਿਆ

*ਦਿ ਰਾਈਜ਼ਿੰਗ ਪੰਜਾਬ ਬਿਊਰੋ

ਸੁਪਰੀਮ ਕੋਰਟ ਨੇ ਇੱਕ ਫੈਸਲੇ ਦੇ ਵਿੱਚ, ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ, 2014 ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਿਆ ਹੈ, ਜਿਸ ਦੇ ਤਹਿਤ ਹਰਿਆਣਾਂ ਰਾਜ ਵਿੱਚ ਗੁਰਦੁਆਰਿਆਂ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਇੱਕ ਵੱਖਰੀ ਕਮੇਟੀ ਬਣਾਈ ਗਈ ਸੀ। ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਵਿਕਰਮ ਨਾਥ ਦੇ ਬੈਂਚ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਐਕਟ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਸਿਖਰਲੀ ਅਦਾਲਤ ਦਾ ਇਹ ਫੈਸਲਾ 2014 ਵਿੱਚ ਹਰਿਆਣਾ ਦੇ ਇੱਕ ਵਸਨੀਕ ਹਰਭਜਨ ਸਿੰਘ ਵੱਲੋਂ ਦਾਇਰ ਇੱਕ ਪਟੀਸ਼ਨ ਉੱਤੇ ਆਇਆ, ਜਿਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 72 ਵਿੱਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇੱਕ ਅੰਤਰਰਾਜੀ ਸੰਸਥਾ ਵਜੋਂ ਕਾਨੂੰਨ ਬਣਾਉਣ ਦੀ ਸ਼ਕਤੀ ਹੈ। ਕਾਰਪੋਰੇਟ ਸਿਰਫ ਕੇਂਦਰ ਸਰਕਾਰ ਕੋਲ ਰਾਖਵਾਂ ਹੈ ਅਤੇ ਰਾਜ ਦੇ ਕਾਨੂੰਨ ਬਣਾ ਕੇ ਕਿਸੇ ਵੀ ਵੰਡ ਲਈ ਕਾਨੂੰਨ ਵਿੱਚ ਕੋਈ ਵਿਵਸਥਾ ਨਹੀਂ ਹੈ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਜਲਦਬਾਜ਼ੀ 'ਚ ਇਹ ਕਾਨੂੰਨ ਨਾ ਸਿਰਫ਼ ਸੰਵਿਧਾਨਕ ਵਿਵਸਥਾਵਾਂ ਅਤੇ ਪੰਜਾਬ ਪੁਨਰਗਠਨ ਐਕਟ ਦੀਆਂ ਵਿਧਾਨਿਕ ਵਿਵਸਥਾਵਾਂ ਦੇ ਵਿਰੁੱਧ ਹੈ, ਸਗੋਂ ਸਿੱਖ ਧਰਮ ਦੇ ਪੈਰੋਕਾਰਾਂ 'ਚ ਮਤਭੇਦ ਪੈਦਾ ਕਰਨ ਦੇ ਇਸ ਦੇ ਇਰਾਦੇ ਨਾਲ ਵੀ ਵੰਡਿਆ ਜਾ ਸਕਦਾ ਹੈ। "ਕਾਨੂੰਨ ਦੇ ਤਹਿਤ, ਹਰਿਆਣਾ ਕਿਸੇ ਅਜਿਹੇ ਵਿਸ਼ੇ ਦੇ ਸਬੰਧ ਵਿੱਚ ਕਾਨੂੰਨ ਨਹੀਂ ਬਣਾ ਸਕਦਾ। ਕਿਉਂਕਿ ਧਾਰਮਿਕ ਸੰਸਥਾਵਾਂ ਦਾ ਵਿਸ਼ਾ ਐਂਟਰੀ 28 ਸੂਚੀ 3 ਨਾਲ ਸਬੰਧਿਤ ਹੈ। "ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਹਲਕਿਆਂ ਦਾ ਰਾਖਵਾਂਕਰਨ, ਸਿੱਖ ਗੁਰਦੁਆਰਾ ਚੋਣ ਟ੍ਰਿਬਿਊਨਲ ਦਾ ਗਠਨ ਅਤੇ ਗੁਰਦੁਆਰਿਆਂ ਨੂੰ 1925 ਦੇ ਐਕਟ ਦੀ ਧਾਰਾ 85 ਦੇ ਉਪਬੰਧਾਂ ਦੇ ਅੰਦਰ ਲਿਆਉਣ ਲਈ ਨੋਟੀਫਿਕੇਸ਼ਨ ਸਮੇਤ ਕਈ ਕਾਰਵਾਈਆਂ ਦੇ ਸਬੰਧ ਵਿੱਚ ਆਦੇਸ਼ ਕੇਂਦਰ ਸਰਕਾਰ ਦੁਆਰਾ ਕੀਤਾ ਗਿਆ ਹੈ," ਪਟੀਸ਼ਨ ਵਿੱਚ ਕਿਹਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ 'ਪੰਥ' 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਦੁਨੀਆਂ ਭਰ ਦੇ ਭਾਈਚਾਰੇ ਵਿੱਚ ਡੂੰਘੀ ਰੋਸ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ, ਜੋ ਕਿ ਇੱਕ ਅੰਤਰਰਾਜੀ ਸੰਸਥਾ ਹੈ, ਨੂੰ ਇੱਕ ਰਾਜ ਦੇ ਕਾਨੂੰਨ ਨੂੰ ਮਾਨਤਾ ਦੇ ਕੇ ਵੰਡਿਆ ਗਿਆ ਹੈ, ਹਾਲਾਂਕਿ ਇਸ ਮੁੱਦੇ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਕੇਂਦਰ ਕੋਲ ਰਾਖਵੀਂ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ 2014 ਦਾ ਐਕਟ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰੀ ਸੰਸਥਾ ਬਣਾਉਣਾ ਇਸੇ ਰਣਨੀਤੀ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਸ਼੍ਰੋਮਣੀ ਕਮੇਟੀ ਵਿਰੋਧੀ ਰੁਖ਼ ਅਖ਼ਤਿਆਰ ਕਰਨਾ ਵੀ ਨਿੰਦਣਯੋਗ ਹੈ। "ਆਖਰੀ ਕਿੱਲ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਮਾਰੀ ਸੀ, ਜਿਸ ਦੇ ਐਡਵੋਕੇਟ ਜਨਰਲ ਨੇ ਇਸ ਕੇਸ ਵਿੱਚ ਸ਼੍ਰੋਮਣੀ ਕਮੇਟੀ ਵਿਰੁੱਧ ਲਿਖਤੀ ਬੇਨਤੀ ਕੀਤੀ ਸੀ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਸ਼੍ਰੋਮਣੀ ਅਕਾਲੀ ਦਲ ਸੌ ਸਾਲ ਪੁਰਾਣੇ ਐਕਟ ਨਾਲ ਛੇੜਛਾੜ ਨੂੰ ਬਰਦਾਸ਼ਤ ਨਹੀਂ ਕਰੇਗਾ, ਬਾਦਲ ਨੇ ਕਿਹਾ, "ਪਾਰਟੀ ਨੇ ਅਗਲੀ ਕਾਰਵਾਈ ਬਾਰੇ ਫੈਸਲਾ ਕਰਨ ਲਈ ਸੀਨੀਅਰ ਆਗੂਆਂ ਦੀ ਮੀਟਿੰਗ ਬੁਲਾਈ ਹੈ ਜਿਸ ਵਿੱਚ ਕਾਨੂੰਨੀ ਸਹਾਰਾ ਵੀ ਸ਼ਾਮਲ ਹੋ ਸਕਦਾ ਹੈ।" ਉਨ੍ਹਾਂ ਸਮੂਹ ਪੰਥਕ ਜਥੇਬੰਦੀਆਂ ਨੂੰ ਸਿੱਖ ਕੌਮ ਨੂੰ ਵੰਡਣ ਅਤੇ ਰਾਜ ਕਰਨ ਦੀਆਂ ਸਿੱਖ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਇਕਜੁੱਟ ਹੋਣ ਦੀ ਅਪੀਲ ਵੀ ਕੀਤੀ। ਬਾਦਲ ਨੇ ਕਿਹਾ ਕਿ ਦੇਸ਼ ਨੇ ਪਹਿਲਾਂ ਵੀ ਦੇਖਿਆ ਹੈ ਕਿ ਕਿਵੇਂ ਚੁਣੀ ਗਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਰੂਪ ਰਾਤੋ-ਰਾਤ ਬਦਲਿਆ ਗਿਆ ਅਤੇ ਸਿੱਖੀ ਵਿਰੋਧੀ ਧੜਾ ਸੱਤਾ 'ਤੇ ਕਾਬਜ਼ ਹੋ ਗਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਪੰਜਾਬ ਪਹਿਲਾਂ ਹੀ ਇਸ ਦੇ ਦਰਿਆਈ ਪਾਣੀ ਖੋਹ ਲਏ ਜਾਣ ਤੋਂ ਬਾਅਦ ਵੀ ਦੁੱਖ ਝੱਲ ਰਿਹਾ ਹੈ ਜਦੋਂ ਕਿ ਇਹ ਆਪਣੀ ਰਾਜਧਾਨੀ ਚੰਡੀਗੜ੍ਹ ਤੋਂ ਵੀ ਵਾਂਝਾ ਹੈ।। "ਹੁਣ ਹਰਿਆਣਾ ਲਈ ਵੱਖਰੀ ਕਮੇਟੀ ਦੇ ਗਠਨ ਨੂੰ ਮਾਨਤਾ ਦੇ ਕੇ ਸ਼੍ਰੋਮਣੀ ਕਮੇਟੀ ਨੂੰ ਤੋੜਿਆ ਗਿਆ ਹੈ"। ਸੁਪਰੀਮ ਕੋਰਟ ਦੇ ਫੈਸਲੇ ਦੇ ਸ਼੍ਰੋਮਣੀਂ ਕਮੇਟੀ ਦੀਆਂ ਸ਼ਕਤੀਆਂ 'ਤੇ ਦੂਰਗਾਮੀ ਨਤੀਜੇ ਨਿਕਲਣ ਲਈ ਪਾਬੰਦ ਹੈ ਕਿਉਂਕਿ ਇਹ ਫੈਸਲਾ ਦੂਜਿਆਂ ਨੂੰ ਵੀ ਆਪਣੇ ਰਾਜਾਂ ਖਾਸ ਕਰਕੇ ਜਿੱਥੇ ਕੁਝ ਇਤਿਹਾਸਕ ਗੁਰਦੁਆਰੇ ਅਜੇ ਵੀ ਸ਼੍ਰੋਮਣੀਂ ਕਮੇਟੀਦੁਆਰਾ ਨਿਯੰਤਰਿਤ ਅਤੇ ਪ੍ਰਬੰਧਿਤ ਹਨ, ਵਿੱਚ ਅਜਿਹਾ ਕਾਨੂੰਨ ਬਣਾਉਣ ਲਈ ਉਤਸ਼ਾਹਿਤ ਕਰਨ ਦੀ ਸੰਭਾਵਨਾ ਹੈ।

# ਸੰਘ ਦੀ ਦੋ-ਦਿਸ਼ਾਵੀ ਰਣਨੀਤੀ

ਇਸ ਸਮੇਂ ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ 'ਭਾਰਤ ਜੋੜੋ' ਯਾਤਰਾ ਦੀ ਚਰਚਾ ਜ਼ੋਰਾਂ 'ਤੇ ਹੈ। ਇਸ ਦੇ ਨਾਲ ਹੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਵਿਰੋਧੀ ਧਿਰਾਂ ਦਾ ਮਹਾਂਗਠਜੋੜ ਉਸਾਰਨ ਦੀਆਂ ਕੋਸ਼ਿਸ਼ ਵੀ ਤੇਜ਼ੀ ਫੜ ਰਹੀਆਂ ਹਨ। ਇਨ੍ਹਾਂ ਦੋ ਘਟਨਾਵਾਂ ਨੇ ਸੰਘ ਦੇ ਮਹਾਂਰਥੀਆਂ ਨੂੰ ਚਿੰਤਾ ਵਿੱਚ ਪਾਇਆ ਹੋਇਆ ਹੈ। ਇਸ ਲਈ ਦੋ ਦਿਸ਼ਾਵਾਂ ਤੋਂ ਕੰਮ ਹੋ ਰਿਹਾ ਹੈ। ਇੱਕ ਪਾਸੇ ਮੋਦੀ ਦੀ ਛਵੀ ਇੱਕ ਨਿਆਂਪਸੰਦ ਭੱਦਰ ਪੁਰਸ਼ ਵਜੋਂ ਉਸਾਰਨ ਦੀ ਜੁਗਤ ਲਾਈ ਗਈ ਹੈ ਤੇ ਦੂਜੇ ਪਾਸੇ ਹਿੰਦੂਆਂ ਵਿੱਚ ਇੱਕ ਕੱਟੜ ਹਿੰਦੂਵਾਦੀ ਦਾ ਅਕਸ ਬਣਾ ਚੁੱਕੇ ਮੋਦੀ ਦੇ ਇਸ ਰੂਪ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਇਸ ਦਾ ਪ੍ਰਗਟਾਵਾ ਬਿਲਕਿਸ ਬਾਨੋ ਬਲਾਤਕਾਰ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਰਿਹਾਈ ਦੇ ਮਾਮਲੇ ਵਿੱਚ ਸਾਹਮਣੇ ਆ ਚੁੱਕਾ ਹੈ। ਬਿਲਕਿਸ ਬਾਨੋ ਮਾਮਲੇ ਵਿੱਚ ਦੋਸ਼ੀਆਂ ਨੂੰ ਰਿਹਾਅ ਕਰਨ ਵਿਰੁੱਧ ਭਾਜਪਾ ਵਿੱਚ ਕੁਝ ਅਵਾਜ਼ਾਂ ਉਠੀਆਂ ਸਨ। ਇਨ੍ਹਾਂ ਵਿੱਚ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ, ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਮੈਂਬਰ ਖੁਸ਼ਬੂ ਸੁੰਦਰ ਤੇ ਪਾਰਟੀ ਦੀ ਬੁਲਾਰੀ ਸ਼ਾਜ਼ੀਆ ਇਲਮੀ ਸ਼ਾਮਲ ਹਨ। ਸ਼ਾਂਤਾ ਕੁਮਾਰ 2002 ਗੁਜਰਾਤ ਦੰਗਿਆਂ ਦੇ ਸ਼ੁਰੂ ਤੋਂ ਅਲੋਚਕ ਰਹੇ ਹਨ, ਪਰ ਨਰਿੰਦਰ ਮੋਦੀ ਪ੍ਰਤੀ ਉਨ੍ਹਾ ਦਾ ਰੁਖ ਹਮੇਸ਼ਾ ਨਰਮ ਰਿਹਾ ਹੈ। ਉਨ੍ਹਾ ਬਿਲਕਿਸ ਬਾਨੋ ਬਲਾਤਕਾਰ ਦੇ ਦੋਸ਼ੀਆਂ ਦੀ ਰਿਹਾਈ ਲਈ ਗੁਜਰਾਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਉਲਟ ਮੁਸਲਮਾਨ ਪਿੱਠਭੂਮੀ ਵਾਲੀਆਂ ਸ਼ਾਜ਼ੀਆ ਤੇ ਖੁਸ਼ਬੂ ਨੇ ਆਪਣਾ ਗੁੱਸਾ ਤਾਂ ਜ਼ਾਹਰ ਕੀਤਾ ਹੈ, ਪਰ ਗੁਜਰਾਤ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਇਆ। ਸ਼ਾਜ਼ੀਆ ਇਲਮੀ ਨੇ ਤਾਂ ਗੁਜਰਾਤ ਸਰਕਾਰ ਨੂੰ ਬਰੀ ਕਰਦਿਆਂ ਇਥੋਂ ਤੱਕ ਕਿਹਾ ਹੈ ਕਿ ਦੋਸ਼ੀਆਂ ਦੀ ਰਿਹਾਈ ਕਾਨੂੰਨੀ ਪ੍ਰਕ੍ਰਿਆ ਮੁਤਾਬਕ ਹੋਈ ਹੈ ਤੇ ਇਸ ਵਿੱਚ ਗੁਜਰਾਤ ਸਰਕਾਰ ਦਾ ਕੋਈ ਹੱਥ ਨਹੀਂ ਹੈ। ਇਲਮੀ ਤੇ ਸ਼ਾਂਤਾ ਕੁਮਾਰ ਦੇ ਬਿਆਨਾਂ ਤੋਂ ਸਾਫ਼ ਹੁੰਦਾ ਹੈ ਕਿ ਉਨ੍ਹਾਂ ਨੂੰ ਅਸਲ ਚਿੰਤਾ ਭਾਜਪਾ ਨੂੰ ਹੋ ਰਹੇ ਨੁਕਸਾਨ ਦੀ ਭਰਪਾਈ ਕਰਨ ਦੀ ਹੈ। ਇਸੇ ਲਈ ਸ਼ਾਂਤਾ ਕੁਮਾਰ ਨੇ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਗੁਜਰਾਤ ਸਰਕਾਰ ਵੱਲੋਂ ਕੀਤੀ ਗਈ ਗਲਤੀ ਨੂੰ ਦਰੁਸਤ ਕਰਨ। ਸ਼ਾਜ਼ੀਆ ਇਲਮੀ ਕਿਉਂਕਿ ਪਾਰਟੀ ਦੀ ਅਧਿਕਾਰਤ ਬੁਲਾਰੀ ਹੈ, ਇਸ ਲਈ ਉਸ ਵੱਲੋਂ ਆਣਾਏ ਗਏ ਰੁਖ ਨੂੰ ਭਾਜਪਾ ਤੇ ਸੰਘ ਦੇ ਪੈਂਤੜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇੱਕ ਅੰਗਰੇਜ਼ੀ ਅਖਬਾਰ ਵਿੱਚ ਛਪੇ ਲੇਖ ਵਿੱਚ ਇਲਮੀ ਨੇ ਕਿਹਾ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਵੱਲੋਂ ਰਿਹਾਅ ਕੀਤੇ ਗਏ ਦੋਸ਼ੀਆਂ ਦਾ ਸਵਾਗਤ ਕੀਤਾ ਗਿਆ ਸੀ। ਇਸ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਣਾ ਗਲਤ ਹੈ। ਇਲਮੀ ਮੁਤਾਬਕ ਗੁਜਰਾਤ ਭਾਜਪਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਰਵੱਈਆ ਦੁਸ਼ਮਣੀ ਭਰਿਆ ਹੈ। ਸ਼ਾਜ਼ੀਆ ਇਲਮੀ ਦੀ ਟਿੱਪਣੀ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੌਮੀ ਬੁਲਾਰੇ ਪ੍ਰਵੇਸ਼ ਕੁਮਾਰ ਚੌਧਰੀ ਨੇ ਸਖ਼ਤ ਰੁਖ ਅਪਣਾਉਂਦਿਆਂ ਇਸ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਇਲਮੀ ਨੇ ਲੇਖ ਵਿੱਚ ਕਿਹਾ ਹੈ ਕਿ ਸਪੱਸ਼ਟ ਤੌਰ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਪ੍ਰਧਾਨ ਮੰਤਰੀ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾ ਰਹੀ ਹੈ ਤੇ ਉਨ੍ਹਾ ਉੱਤੇ ਹਿੰਦੂ ਭੀੜਤੰਤਰੀ ਤਾਕਤ ਨੂੰ ਨਸ਼ਟ ਕਰਨ ਦਾ ਦੋਸ਼ ਲਾ ਰਹੀ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਉਹ ਕਾਨੂੰਨ ਤੇ ਵਿਵਸਥਾ ਦੇ ਮਾਮਲੇ ਵਿੱਚ ਮੋਦੀ ਦੇ ਕੱਟੜ ਗੈਰ-ਪੱਖਪਾਤੀ ਵਿਹਾਰ ਨੂੰ ਸ਼ਰਧਾਂਜ਼ਲੀ ਦੇ ਰਹੇ ਸਨ। ਇਲਮੀ ਨੇ ਇਹ ਸ਼ਬਦ ਦੋਸ਼ੀਆਂ ਦਾ ਸਵਾਗਤ ਕੀਤੇ ਜਾਣ ਦੇ ਸੰਦਰਭ ਵਿੱਚ ਕਹੇ ਸਨ। ਸ਼ਾਜ਼ੀਆ ਇਲਮੀ ਦੇ ਉਲਟ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਪਣੇ ਆਪ ਤੇ ਨਰਿੰਦਰ ਮੋਦੀ ਨੂੰ ਇੱਕੋ ਪਾਲ ਵਿੱਚ ਖੜ੍ਹੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁੱਖ ਪੱਤਰ ''ਹਿੰਦੂ ਵਿਸ਼ਵ'' ਵਿੱਚ ਕੌਮੀ ਬੁਲਾਰੇ ਵਿਨੋਦ ਬਾਂਸਲ ਨੇ ਇੱਕ ਲੇਖ ਵਿੱਚ ਲਿਖਿਆ ਹੈ,'ਅਸੀਂ ਦੇਖਿਆ ਹੈ ਕਿ ਕਿਵੇਂ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਧਰਮਨਿਰਪੱਖ ਤੇ ਜੇਹਾਦੀ ਤਾਕਤਾਂ ਦੇ ਹਮਲਿਆਂ ਦਾ ਨਿਸ਼ਾਨਾ ਬਣਦੇ ਰਹੇ ਸਨ।' ਇਸ ਸਾਰੇ ਘਟਨਾਕ੍ਰਮ ਨੂੰ ਧਿਆਨ ਨਾਲ ਵਾਚੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਸ਼ਾਂਤਾ ਕੁਮਾਰ, ਸ਼ਾਜ਼ੀਆ ਇਲਮੀ ਤੇ ਖੁਸ਼ਬੂ ਸੁੰਦਰ ਨਰਿੰਦਰ ਮੋਦੀ ਨੂੰ ਅਜਿਹੇ ਭੱਦਰਪੁਰਸ਼ ਵਜੋਂ ਪੇਸ਼ ਕਰ ਰਹੇ ਹਨ, ਜਿਹੜਾ ਵਿਚਾਰਧਾਰਾ ਤੇ ਰਾਜਨੀਤਕ ਸੋਚ ਤੋਂ ਉੱਪਰ ਉਠ ਚੁੱਕਿਆ ਹੈ। ਭਾਜਪਾ ਵੱਲੋਂ ਇਸ ਕੰਮ ਲਈ ਦੋ ਮੁਸਲਮਾਨ ਔਰਤਾਂ ਨੂੰ ਅੱਗੇ ਕਰਨ ਦਾ ਮਤਲਬ ਪ੍ਰਧਾਨ ਮੰਤਰੀ ਮੋਦੀ ਦੀ ਛਵੀ ਨੂੰ ਮੁਸਲਮਾਨ ਔਰਤਾਂ ਵਿੱਚ ਅਜਿਹੇ ਦਿਆਲੂ ਵਿਅਕਤੀ ਵਜੋਂ ਪੇਸ਼ ਕਰਨਾ ਹੈ, ਜਿਸ ਤੋਂ ਉਹ ਇਨਸਾਫ਼ ਦੀ ਆਸ ਰੱਖ ਸਕਦੀਆਂ ਹਨ। ਇਸ ਦੇ ਉਲਟ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਗੁਜਰਾਤ ਦੰਗਿਆਂ ਦੀ ਯਾਦ ਦਿਵਾ ਕੇ ਉਨ੍ਹਾ ਦੇ ਕੱਟੜ ਹਿੰਦੂਤਵੀ ਅਕਸ ਨੂੰ ਸਥਾਪਤ ਕਰ ਰਹੇ ਹਨ। ਇਸ ਨੂੰ ਇਹ ਸਮਝਣਾ ਕਿ ਭਾਜਪਾ ਜਾਂ ਸੰਘ ਅੰਦਰ ਮੋਦੀ ਦੇ ਸਵਾਲ ਉੱਤੇ ਕੋਈ ਰੱਸਾਕਸ਼ੀ ਚੱਲ ਰਹੀ ਹੈ, ਗਲਤ ਹੋਵੇਗਾ। ਸੱਚਾਈ ਇਹ ਹੈ ਕਿ ਸੰਘ ਇੱਕ ਦਸ ਸਿਰਾਂ ਵਾਲਾ ਰਾਵਣ ਹੈ। ਇਸ ਦਾ ਹਰ ਸਿਰ ਵੱਖਰੇ-ਵੱਖਰੇ ਲੋਕਾਂ ਨੂੰ ਸੰਮੋਹਤ ਕਰਨ ਲਈ ਵੱਖ-ਵੱਖ ਦ੍ਰਿਸ਼ ਦਿਖਾਉਂਦਾ ਰਹਿੰਦਾ ਹੈ। ਇਹੋ ਉਸ ਦਾ ਕਾਰਗਰ ਹਥਿਆਰ ਤੇ ਕਾਮਯਾਬੀ ਦਾ ਰਾਜ਼ ਹੈ।

--ਚੰਦ ਫਤਿਹਪੁਰੀ







## ਹਸਗੁੱਲੇ

ਖੁੱਲ੍ਹੀ ਜੀਪ ਵਿੱਚ 7-8 ਚੂਹੇ ਤਲਵਾਰਾਂ ਲੈ ਕੇ ਜਾ ਰਹੇ ਸੀ....

ਹਾਥੀ ਨੇ ਪੁੱਛਿਆ 'ਕੀ ਹੋ ਗਿਆ'

ਚੂਹੇ ਕਹਿੰਦੇ ਸ਼ੇਰ ਦੀ ਭੈਣ ਕਿਸੇ ਨੇ ਚੱਕ ਲਈ... ਤੇ ਨਾਂ ਯਾਰਾਂ ਦਾ ਲੱਗ ਰਿਹਾ... ਫੈਸਲਾ ਕਰਨ ਚੱਲੇ ਆਂ

--------------

ਇਕ ਕੰਜੂਸ ਬਾਣੀਆ ਆਵਦੇ ਜਵਾਕ ਨੂੰ ਕੁੱਟੀ ਜਾਵੇ

ਗੁਆਂਢੀ ਕਹਿੰਦਾ, ਕਿਓਂ ਕੁੱਟੀ ਜਾਨਾ ਜਵਾਕ ਨੂੰ .. ਅੱਗੋਂ ਕਹਿੰਦਾ..? ਇਹਨੂੰ ਕਿਹਾ ਸੀ ਕਿ ਇਕ ਇੱਕ ਛੱਡ ਕੇ ਚੜ੍ਹ ... ਚੱਪਲੀ ਘੱਟ ਘਸੂਗੀ.... ਨਲੈਕ ਦੋ ਛੱਡ ਕੇ ਚੜ੍ਹ ਗਿਆ... ਪਜਾਮਾ ਪਾਟ ਗਿਆ..

--------------

ਕਿਸੇ ਦਾ ਹਸਪਤਾਲ ਚ ਬੁੜ੍ਹਾ ਮਰ ਗਿਆ। ਉਨ੍ਹਾਂ ਨੇ ਉਸ ਮਰੇ ਨੂੰ ਅਗਲੀ ਸੀਟ ਤੇ ਬਿਠਾ ਕੇ ਸੀਟ ਬੈਲਟ ਲਾਈ ਤੇ ਆਪ ਮਗਰ ਓਵੇਂ ਹੀ ਬੈਠੇ ਆ। ਘਰ ਜਾਂਦਿਆਂ ਰਾਹ 'ਚ ਕਾਰ ਟਾਹਲੀ 'ਚ ਵੱਜ ਗਈ ਤਾਂ ਕਿਸੇ ਨੇ 108 ਨੂੰ ਫ਼ੋਨ ਕਰਤਾ ਅੱਗੋਂ ਐਂਬੂਲੈਂਸ ਵਾਲਿਆਂ ਦੀ ਕਰਤੂਤ ਸੁਣ ਲੋ ਉਹ ਸੱਟਾਂ ਵੱਜੀਆਂ ਵਾਲਿਆਂ ਨੂੰ ਉੱਥੇ ਹੀ ਛੱਡ ਗਏ ਤੇ ਮਰੇ ਬੁੜ੍ਹੇ ਨੂੰ ਚੱਕ ਕੇ ਅੰਬਰਸਰ ਲੈ ਗਏ। ਅੱਗੋਂ ਡਾਕਟਰ ਦਾ ਇਰਾਦਾ ਕਿ ਮੈਂ ਪੈਸੇ ਬਣਾ ਲਵਾਂ ਉਹਨੇ ਕੀ ਕੀਤਾ ਕਿ ਬੁੜ੍ਹੇ ਦੇ ਆਕਸੀਜਨ ਲਾਤੀ। ਪਿਛਲੇ ਮਗਰ ਹਸਪਤਾਲ ਭੱਜੇ ਕਿ ਬਾਪੂ ਤਾਂ ਮਰਿਆ ਪਿਆ ਇਹ ਕੀ ਹਿਸਾਬ ਕਿਤਾਬ, ਉਹ ਕਹਿੰਦੇ ਡਾਕਟਰ ਸਾਹਬ ਕੀ ਗੱਲ ਹੋਈ। ਅੱਗੋਂ ਡਾਕਟਰ ਕਹਿੰਦਾ ਘਬਰਾਓ ਨਾ ਇਹਦੇ ਸੱਟ ਸੁੱਟ ਤਾਂ ਕੋਈ ਨੀ ਲੱਗੀ ਮੈਂ ਐਕਸਰੇ ਕਰ ਲਿਆ ਇਹਦੇ ਗੁਰਦੇ 'ਚ ਪੱਥਰੀ ਆ ਬੱਸ ਛੋਟਾ ਜਾ ਆਪ੍ਰੇਸ਼ਨ ਹੋਣਾ ਤੁਸੀ 20,000 ਜਮਾਂ ਕਰਾਓ। ਉਹ ਅੱਗੋਂ ਕਹਿੰਦੇ ਭਰਾਵਾ ਸਾਡਾ ਭਾਪਾ ਮੋੜਦੇ ਜਦੋਂ ਸਸਕਾਰ ਹੋਇਆ ਪਥਰੀ ਆਪੇ ਫੁੱਲਾਂ ਚ ਆਜੂ।

--------------

ਇੱਕ ਔਰਤ ਨੇ ਹੱਦ ਹੀ ਕਰ ਦਿੱਤੀ ਉਸ ਨੇ ਮੋਦੀ ਨੂੰ ਪੱਤਰ ਲਿਖਿਆ ਜਿਸ ਵਿੱਚ ਉਸ ਨੇ ਨਵੀਂ ਜੋਯਨਾ ਦੱਸੀ ਕਿ ਸ਼ਰਾਬ ਦੇ ਰੇਟ ਦੁੱਗਣੇ ਕਰ ਦਿਓ ਤੇ ਠੇਕਿਆਂ ਨੂੰ ਆਧਾਰ ਕਾਰਡ ਨਾਲ ਜੋੜ ਦਿਓ

ਅੱਧਾ ਪੈਸਾ ਸ਼ਰਾਬ ਪੀਣ ਵਾਲੇ ਦੀ ਪਤਨੀ ਦੇ ਖਾਤੇ 'ਚ ਸਬਸਿਡੀ ਦੀ ਤਰ੍ਹਾ ਵਾਪਿਸ ਕਰ ਦੇਣਾ ਚਾਹੀਦਾ ਜਿਸ ਦੇ ਇਹ ਫਾਇਦੇ ਹੋਣਗੇ ।

1. ਪਤੀ ਲਿਮਟ ਚ ਪਿਊਗਾ ਕਿਉਕਿ ਓਸਦੇ ਨਸ਼ੇ ਦੀ ਮਾਤਰਾ ਦੇ ਬਰਾਬਰ ਪਤਨੀ ਦਾ ਬੈਂਕ ਬੈਲੈਂਸ ਹੋਵੇਗਾ।

2. ਪਤਨੀਆਂ ਪੀਣ ਤੋ ਰੋਕਣਗੀਆਂ ਨਹੀਂ ।

3. ਪਤਨੀ ਨੂੰ ਪਤਾ ਹੋਵੇਗਾ ਕਿ ਪਤੀ ਨੇ ਕਿੰਨੀ ਪੀਤੀ ਹੈ ।

4. ਜਿਸਦੀ ਪਤਨੀ ਦਾ ਅਕਾਊਂਟ ਨਹੀਂ ਹੈ ਓਹ ਖੁੱਲ ਜਾਵੇਗਾ । ਹੋ ਸਕਦਾ ਹੈ ਜਿਆਦਾ ਪੀਣ ਵਾਲਿਆਂ ਦੀਆਂ ਪਤਨੀਆਂ ਨੂੰ ਇਨਕਮ ਟੈਕਸ ਰਿਟਰਨ ਵੀ ਭਰਨੀ ਪਵੇ।

ਨਵੀਂ ਸੋਚ ਨੂੰ ਸਲਾਮ।

--------------

ਪ੍ਰਭਾ ਨੇ ਰਾਕੇਸ਼ ਤੋਂ ਨਾਰਾਜ਼ ਹੋ ਕੇ ਮੌਨ ਵਰਤ ਰੱਖ ਲਿਆ। ਦੋ ਦਿਨ ਲੰਘ ਗਏ, ਪਰ ਉਸ ਨੇ ਰਾਕੇਸ਼ ਨਾਲ ਕੋਈ ਗੱਲ ਨਾ ਕੀਤੀ ਤਾਂ ਉਹ ਪ੍ਰੇਸ਼ਾਨ ਹੋ ਗਿਆ। ਤੀਜੇ ਦਿਨ ਰਾਕੇਸ਼ ਨੇ ਸ਼ਾਮ ਨੂੰ ਮੋਮਬੱਤੀ ਜਗਾਈ ਅਤੇ ਕਮਰੇ ਵਿੱਚ ਇਧਰ-ਉਧਰ ਕੁਝ ਲੱਭਣ ਲੱਗਾ। ਇਹ ਦੇਖ ਕੇ ਪ੍ਰਭਾ ਤੋਂ ਰਿਹਾ ਨਾ ਗਿਆ। ਉਹ ਇਕਦਮ ਰਾਕੇਸ਼ 'ਤੇ ਚਿੱਲਾਉਣ ਲੱਗੀ, 'ਕੀ ਲੱਭ ਰਿਹਾ ਏਂ? ਕਿਉਂ ਪ੍ਰੇਸ਼ਾਨ ਕਰ ਰਿਹਾ ਏਂ ਇੰਨੀ ਦੇਰ ਤੋਂ? ਬੱਤੀ ਹੋਣ ਦੇ ਬਾਵਜੂਦ ਮੋਮਬੱਤੀ ਲੈ ਕੇ ਘੁੰਮ ਰਿਹਾ ਏਂ, ਕੀ ਪਾਗਲ ਹੋ ਗਿਆ ਏਂ?'

ਰਾਕੇਸ਼ ਬੋਲਿਆ, 'ਕੁਝ ਨਹੀਂ, ਬਸ ਤੇਰੀ ਜ਼ੁਬਾਨ ਗੁਆਚ ਗਈ ਸੀ, ਉਹੋ ਲੱਭ ਰਿਹਾ ਸੀ, ਪਰ ਲੱਗਦਾ ਹੈ ਕਿ ਤੈਨੂੰ ਵਾਪਸ ਮਿਲ ਗਈ ਹੈ।'

--------------

ਅਧਿਆਪਕ, ''ਪਿਆਰ ਤੇ ਵਿਆਹ 'ਚ ਕੀ ਫਰਕ ਹੈ?''

ਮਾਹੀ, ''ਬਹੁਤ ਸੌਖਾ ਹੈ, ਪਿਆਰ ਇਨਸਾਨ ਨੂੰ ਅੰਨ੍ਹਾ ਬਣਾ ਦਿੰਦਾ ਹੈ ਅਤੇ ਵਿਆਹ ਉਸ ਦੀਆਂ ਅੱਖਾਂ ਖੋਲ੍ਹ ਦਿੰਦਾ ਹੈ।''

--------------

ਸਿੰਗਲੇ ਦੀ ਟੁੱਟੀ ਹੋਈ ਲੱਤ ਦੇਖ ਕੇ ਸੁਨੀਲ ਬੋਲਿਆ, ''ਤੇਰੀ ਲੱਤ ਕਿਵੇਂ ਟੁੱਟ ਗਈ।''

ਸਿੰਗਲਾ, ''ਕੀ ਦੱਸਾਂ ਯਾਰ, ਕੱਲ੍ਹ ਦਾਰੂ ਘੱਟ ਪੀਤੀ ਸੀ, ਇਸ ਲਈ।''

ਸੁਨੀਲ, ''ਦਾਰੂ ਘੱਟ ਪੀਣ ਨਾਲ ਲੱਤ ਕਿਵੇਂ ਟੁੱਟ ਸਕਦੀ ਹੈ?''

ਸਿੰਗਲਾ, ''ਸਿੱਧੀ ਜਿਹੀ ਗੱਲ ਹੈ। ਜੇ ਮੈਂ ਰੱਜ ਕੇ ਪੀਤੀ ਹੁੰਦੀ ਤਾਂ ਮੈਂ ਠੇਕੇ 'ਚ ਹੀ ਲੰਮਾ ਪੈ ਗਿਆ ਹੁੰਦਾ। ਘੱਟ ਪੀਤੀ ਸੀ, ਇਸ ਲਈ ਘਰ ਆਉਣ ਲਈ ਨਿਕਲਿਆ ਅਤੇ ਰਸਤੇ 'ਚ ਟੋਏ ਵਿੱਚ ਡਿਗ ਪਿਆ।''

--------------

ਬਬਲੂ ਲੰਗੜਾਉਂਦਾ ਹੋਇਆ ਘਰ ਜਾ ਰਿਹਾ ਸੀ। ਉਸ ਦੇ ਕੱਪੜੇ ਫਟੇ ਹੋਏ ਸਨ।

ਟਿੰਕੂ ਨੇ ਪੁੱਛਿਆ, ''ਕੀ ਹੋਇਆ ਬਈ, ਤੇਰੀ ਇਹ ਹਾਲਤ ਕਿਵੇਂ ਹੋ ਗਈ?''

ਬਬਲੂ, ''ਕੀ ਦੱਸਾਂ ਯਾਰ, ਘਰਵਾਲੀ ਨੂੰ ਮੈਨੂੰ ਕੁਟਵਾਉਣ ਦੀ ਨਵੀਂ ਤਰਕੀਬ ਸੁੱਝੀ ਸੀ।''

ਟਿੰਕੂ, ''ਕਿਹੜੀ ਤਰਕੀਬ?''

ਬਬਲੂ, ''ਘਰਵਾਲੀ ਨੇ ਮੈਨੂੰ ਝਾੜੂ ਖਰੀਦਣ ਭੇਜਿਆ ਸੀ, ਵਾਪਸੀ 'ਤੇ ਦੂਜੀ ਪਾਰਟੀ ਦੇ ਵਰਕਰਾਂ ਨੇ ਮੈਨੂੰ 'ਆਪ' ਦਾ ਵਰਕਰ ਸਮਝ ਲਿਆ।''

--------------

ਪ੍ਰਿੰਸ (ਡਾਕਟਰ ਨੂੰ), ''ਡਾ. ਸਾਹਿਬ, ਮੈਂ ਆਪਣਾ ਦਿਮਾਗ ਦਾਨ ਕਰਨਾ ਚਾਹੁੰਦਾ ਹਾਂ।''

ਡਾਕਟਰ, ''ਹੋਵੇਗਾ ਤਾਂ ਅਸੀਂ ਜ਼ਰੂਰ ਲੈ ਲਵਾਂਗੇ।''

--------------

ਰੋਹਿਤ ਤੇ ਉਸ ਦੀ ਪਤਨੀ ਇਕੱਠੇ ਫੋਟੋ ਖਿਚਵਾਉਣ ਗਏ। ਵਾਪਸ ਆਉਣ ਵੇਲੇ ਪਤਨੀ ਕਹਿਣ ਲੱਗੀ,

''ਇਹ ਫੋਟੋਗ੍ਰਾਫਰ ਬੜਾ ਬਦਮਾਸ਼ ਹੈ।'' ਰੋਹਿਤ, ''ਕਿਉਂ, ਕੀ ਗੱਲ ਹੋ ਗਈ?''

ਪਤਨੀ, ''ਜਦੋਂ ਉਹ ਮੇਰੀ ਫੋਟੋ ਖਿੱਚ ਰਿਹਾ ਸੀ ਤਾਂ ਮੈਨੂੰ ਬੋਲਿਆ-ਮੇਰੇ ਵੱਲ ਦੇਖ ਕੇ ਮੁਸਕਰਾਓ।''

--------------

ਇਕ ਵਿਅਕਤੀ ਹੋਟਲ ਦੇ ਮੈਨੇਜਰ ਕੋਲ ਗਿਆ ਤੇ ਬੋਲਿਆ, ''ਮੇਰੇ ਕੋਲ ਹੋਟਲ ਦਾ ਬਿੱਲ ਅਦਾ ਕਰਨ ਲਈ ਪੈਸੇ ਨਹੀਂ ਹਨ।''

ਮੈਨੇਜਰ, ''ਕੋਈ ਗੱਲ ਨਹੀਂ, ਅਸੀਂ ਤੁਹਾਡਾ ਨਾਂ ਕੰਧ 'ਤੇ ਲਿਖ ਦੇਵਾਂਗੇ। ਅਗਲੀ ਵਾਰ ਆਏ ਤਾਂ ਬਿੱਲ ਚੁਕਾ ਦੇਣਾ।''

ਵਿਅਕਤੀ, ''ਇੰਝ ਤਾਂ ਸਾਰਿਆਂ ਨੂੰ ਪਤਾ ਲੱਗ ਜਾਵੇਗਾ।''

ਮੈਨੇਜਰ, ''ਪਤਾ ਕਿਵੇਂ ਲੱਗੇਗਾ, ਉਸ 'ਤੇ ਤੁਹਾਡਾ ਕੋਟ ਟੰਗਿਆ ਹੋਵੇਗਾ।''

--------------

ਇਕ ਪਾਰਟੀ ਵਿੱਚ ਮੁਫਤ ਦਾ ਖਾਣ ਵਾਲੇ ਕਾਫੀ ਲੋਕ ਵੜ ਗਏ, ਜਿਸ ਨਾਲ ਮੇਜ਼ਬਾਨ ਔਰਤ ਪ੍ਰੇਸ਼ਾਨ ਹੋ ਗਈ। ਪਤੀ ਵਲੋਂ ਪੁੱਛਣ 'ਤੇ ਉਹ ਬੋਲੀ, ''ਲੋਕ ਬਹੁਤ ਜ਼ਿਆਦਾ ਹਨ ਅਤੇ ਭੋਜਨ ਘੱਟ, ਇੰਝ ਕਿਵੇਂ ਚੱਲੇਗਾ?''

ਪਤੀ ਬੋਲਿਆ, ''ਠਹਿਰ, ਮੈਂ ਕੁਝ ਕਰਦਾ ਹਾਂ।''

ਉਹ ਮਹਿਮਾਨਾਂ ਨੂੰ ਬੋਲਿਆ, ''ਜਿਹੜੇ ਲੋਕ ਮੁੰਡੇ ਵਾਲਿਆਂ ਵਲੋਂ ਹਨ, ਉਹ ਸੱਜੇ ਪਾਸੇ ਖੜੇ ਹੋ ਜਾਣ।''

25 ਵਿਅਕਤੀ ਵੱਖਰੇ ਖੜੇ ਹੋ ਗਏ।

ਫਿਰ ਉਹ ਬੋਲਿਆ, ''ਜਿਹੜੇ ਲੋਕ ਕੁੜੀ ਵਾਲਿਆਂ ਵਲੋਂ ਹਨ, ਉਹ ਖੱਬੇ ਪਾਸੇ ਖੜੇ ਹੋ ਜਾਣ।'' 20 ਵਿਅਕਤੀ ਇਕ ਪਾਸੇ ਹੋ ਗਏ।

ਉਹ ਮੁਸਕਰਾਉਂਦਾ ਹੋਇਆ ਬੋਲਿਆ, ''ਤੁਸੀਂ ਸਾਰੇ ਬਾਹਰ ਨਿਕਲ ਜਾਓ, ਕਿਉਂਕਿ ਇਹ ਵਿਆਹ ਦੀ ਨਹੀਂ, ਸਾਡੇ ਬੇਟੇ ਦੇ ਜਨਮ ਦਿਨ ਦੀ ਪਾਰਟੀ ਹੈ।''

--------------

ਇਕ ਸ਼ਰਾਬੀ ਨੇ ਦੋਸਤਾਂ ਨੂੰ ਦਾਅਵਤ ਦੇਣ ਦਾ ਪ੍ਰੋਗਰਾਮ ਬਣਾਇਆ ਅਤੇ ਆਪਣੇ ਘਰੋਂ ਰਾਤ ਨੂੰ ਬੱਕਰਾ ਚੋਰੀ ਕਰ ਲਿਆ। ਰਾਤ ਨੂੰ ਉਸ ਨੇ ਦੋਸਤਾਂ ਨਾਲ ਦਾਅਵਤ ਦਾ ਖ਼ੂਬ ਮਜ਼ਾ ਲਿਆ ਤੇ ਸਵੇਰੇ ਜਦੋਂ ਘਰ ਪਹੁੰਚਿਆ ਤਾਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਬੱਕਰਾ ਘਰ ਵਿੱਚ ਹੀ ਸੀ।

ਇਹ ਦੇਖ ਕੇ ਉਸ ਨੇ ਘਰ ਵਾਲੀ ਨੂੰ ਪੁੱਛਿਆ, ''ਇਹ ਬੱਕਰਾ ਕਿੱਥੋਂ ਆਇਆ?''

ਘਰ ਵਾਲੀ ਨੇ ਕਿਹਾ, 'ਆਉਣਾ ਕਿੱਥੋਂ, ਬੱਕਰਾ ਤਾਂ ਆਪਣਾ ਆਪਣੇ ਘਰ ਹੀ ਹੈ, ਪਰ ਪਹਿਲਾਂ ਇਹ ਦੱਸੋ ਕਿ ਰਾਤੀਂ ਤੁਸੀਂ ਚੋਰਾਂ ਵਾਂਗ ਕੁੱਤੇ ਨੂੰ ਕਿੱਥੇ ਲੈ ਗਏ ਸੀ?'

--------------

ਇਕ ਜਨਾਬ ਘਬਰਾਏ ਹੋਏ ਆਏ ਤੇ ਘਰ ਵਾਲੀ ਨੂੰ ਬੋਲੇ, ''ਡਾਰਲਿੰਗ! ਮੈਂ ਅੱਜ ਦਫਤਰ ਤੋਂ ਆ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ...''

ਓਨੀ ਦੇਰ ਨੂੰ ਬੱਚਾ ਬੋਲ ਪਿਆ ਤੇ ਪਤਨੀ ਉਸ ਦੀ ਗੱਲ ਸੁਣ ਲੱਗ ਪਈ।

ਪਤੀ ਨੇ ਫਿਰ ਕਹਿਣਾ ਸ਼ੁਰੂ ਕੀਤਾ, ''ਹਾਂ ਤਾਂ ਮੈਂ ਕਹਿ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ..।''

ਇੰਨੇ ਨੂੰ ਉਨ੍ਹਾਂ ਦਾ ਮੁੰਡਾ ਬੋਲਿਆ, ''ਮੰਮੀ, ਰੀਟਾ ਨੇ ਮੇਰੀ ਕਾਰ ਤੋੜ ਦਿੱਤੀ ਹੈ।''

ਘਰ ਵਾਲੀ ਖਿੱਝ ਕੇ ਬੋਲੀ, 'ਰੱਬ ਦਾ ਵਾਸਤਾ, ਚੁੱਪ ਹੋ ਜਾਓ, ਮੈਨੂੰ ਪਹਿਲਾਂ ਗਧੇ ਦੀ ਗੱਲ ਸੁਣਨ ਦਿਓ।'

********

ਸਿੰਗਲੇ ਤੇ ਅਸ਼ੋਕ ਦਾ ਐਕਸੀਡੈਂਟ ਹੋ ਗਿਆ। ਹਸਪਤਾਲ ਵਿੱਚ ਸਿੰਗਲੇ ਦੀ ਜਦੋਂ ਮੱਲ੍ਹਮ-ਪੱਟੀ ਕੀਤੀ ਜਾ ਰਹੀ ਸੀ ਤਾਂ ਉਸ ਨੇ ਬੜਾ ਰੌਲਾ ਪਾਇਆ ਅਤੇ ਸਾਰਾ ਹਸਪਤਾਲ ਸਿਰ 'ਤੇ ਚੁੱਕ ਲਿਆ।

ਜਦੋਂ ਅਸ਼ੋਕ ਦੀ ਵਾਰੀ ਆਈ ਤਾਂ ਉਹ ਬੜੇ ਆਰਾਮ ਨਾਲ ਪੱਟੀ ਕਰਵਾਉਂਦਾ ਰਿਹਾ।

ਇਹ ਦੇਖ ਕੇ ਡਾਕਟਰ ਸਿੰਗਲੇ ਨੂੰ ਕਹਿਣ ਲੱਗਾ,

''ਦੇਖ, ਤੇਰਾ ਦੋਸਤ ਕਿੰਨਾ ਬਹਾਦਰ ਹੈ, ਕਿੰਨੇ ਆਰਾਮ ਨਾਲ ਪੱਟੀ ਕਰਵਾ ਰਿਹਾ ਹੈ।''

ਇੰਨੇ ਨੂੰ ਅਸ਼ੋਕ ਬੋਲਿਆ, ''ਨਹੀਂ ਡਾ. ਸਾਹਿਬ, ਅਸਲ ਵਿੱਚ ਇਸ ਦੀਆਂ ਚੀਕਾਂ ਸੁਣ ਕੇ ਮੈਂ ਇੰਨਾ ਡਰ ਗਿਆ ਸੀ ਕਿ ਮੈਂ ਆਪਣੀ ਦੂਜੀ ਲੱਤ 'ਤੇ ਪੱਟੀ ਕਰਵਾ ਲਈ, ਜੋ ਬਿਲਕੁਲ ਠੀਕ ਹੈ।''

********


SINGH THIND & ASSOCIATES

#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਗੁਰੂ ਨਾਨਕ ਜੀ ਦਾ ਜੋਤੀ ਜੋਤਿ ਦਿਹਾੜਾ 8 ਅੱਸੂ ਬਨਾਮ ਅੱਸੂ ਵਦੀ 10

ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਦੇ ਆਪਸੀ ਮੱਤ-ਭੇਦ ਹਨ। ਪਰ ਗੁਰੂ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਹਾਂ, ਵਦੀ-ਸੁਦੀ ਦੇ ਭੁਲੇਖੇ ਕਾਰਨ ਗੁਰੂ ਨਾਨਕ ਜੀ ਦੇ ਜੋਤੀ ਜੋਤਿ ਸਮਾਉਣ ਦੀਆਂ ਦੋ ਤਾਰੀਖਾਂ (ਅੱਸੂ ਵਦੀ 10 ਅਤੇ ਅੱਸੂ ਸੁਦੀ 10) ਜਰੂਰ ਮਿਲਦੀਆਂ ਹਨ। ਜੇ ਇਕੋ ਦਿਹਾੜੇ ਦੀਆਂ ਤਾਰੀਖਾਂ ਵਿੱਚ 15 ਦਿਨਾਂ ਦਾ ਫ਼ਰਕ ਹੋਵੇ ਤਾਂ ਵਦੀ-ਸੁਦੀ ਦਾ ਭੁਲੇਖਾ ਮੰਨਿਆ ਜਾਂਦਾ ਹੈ। ਜੇ ਕੋਈ ਲਿਖਾਰੀ ਅਣਜਾਣੇ ਵਿੱਚ ਗਲਤੀ ਕਰ ਗਿਆ ਤਾਂ ਅੱਗੋਂ ਨਕਲ ਮਾਰ ਕੇ ਲਿਖਣ ਵਾਲਿਆਂ ਨੇ ਵੀ ਪੜਤਾਲ ਕਰਨ ਦੀ ਲੋੜ ਨਹੀਂ ਸਮਝੀ, ਅਤੇ ਦੋਵੇਂ ਤਾਰੀਖਾਂ ਹੀ ਪ੍ਰਚੱਲਤ ਹੋ ਗਈਆਂ।

'ਸਿੱਖ ਤਵਾਰੀਖ਼' (1469-1708) ਵਿੱਚ ਡਾ ਹਰਜਿੰਦਰ ਸਿੰਘ ਦਿਲਗੀਰ ਜੀ ਲਿਖਦੇ ਹਨ, "22 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ ਜੋਤਿ ਸਮਾ ਗਏ। ਆਪ ਦਾ ਸਸਕਾਰ ਰਾਵੀ ਦਰਿਆ ਦੇ ਕੰਢੇ 'ਤੇ ਕੀਤਾ ਗਿਆ"। (ਪੰਨਾ 176) ਇਹ ਅੱਸੂ ਸੁਦੀ 10 ਸੰਮਤ 1596 ਬਿਕ੍ਰਮੀ ਬਣਦੀ ਹੈ। ਇਕ ਹੋਰ ਥਾਂ ਡਾ ਦਿਲਗੀਰ ਲਿਖਦਾ ਹੈ, "ਜੋ ਅਸਲ ਵਿੱਚ ਅੱਸੂ ਵਦੀ 10 ਸੰਮਤ 1596 (7 ਸਤੰਬਰ 1539) ਹੈ" (ਨਾਨਕਸ਼ਾਹੀ ਕੈਲੰਡਰ, ਪੰਨਾ 49)

ਡਾ ਸੁਖਦਿਆਲ ਸਿੰਘ ਜੀ, 'ਪੰਜਾਬ ਦਾ ਇਤਿਹਾਸ' (ਗੁਰੂ ਕਾਲ 1469-1708) ਵਿੱਚ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣਾ ਉਤਰ ਅਧਿਕਾਰੀ ਥਾਪਿਆ ਅਤੇ ਆਪ 69 ਸਾਲ 10 ਮਹੀਨੇ 10 ਦਿਨ ਦੀ ਉਮਰ ਬਤੀਤ ਕਰਕੇ ਅੱਸੂ ਵਦੀ ਦਸਮੀ ਸੰਮਤ 1596 ਬਿ: ਮੁਤਾਬਕ 22 ਸਤੰਬਰ, 1539 ਈ: ਵਿਚ ਜੋਤੀ-ਜੋਤਿ ਸਮਾ ਗਏ ਸਨ"। (ਪੰਨਾ 48) ਇਥੇ ਤਿੱਥ ਅਤੇ ਤਾਰੀਖ ਦਾ ਕੋਈ ਮੇਲ ਨਹੀਂ ਹੈ। ਜੇ ਅੱਸੂ ਵਦੀ ਦਸਮੀ ਨੂੰ ਸਹੀ ਮੰਨੀਏ ਤਾਂ ਤਾਰੀਖ 7 ਸਤੰਬਰ (8 ਅੱਸੂ) ਬਣਦੀ ਹੈ, ਜੇ 22 ਸਤੰਬਰ ਨੂੰ ਸਹੀ ਮੰਨੀਏ ਤਾਂ ਤਿੱਥ ਅੱਸੂ ਸੁਦੀ ਦਸ (22 ਅੱਸੂ) ਬਣਦੀ ਹੈ। ਦੱਸੋ ਆਮ ਪਾਠਕ ਕੀ ਸਮਝੇਗਾ? ਜਦੋਂ ਵੱਡੇ-ਵੱਡੇ ਵਿਦਵਾਨ ਹੀ ਉਲਝੇ ਪਏ ਆ।

ਦਮਦਮੀ ਟਕਸਾਲ ਦੀ ਵੱਡ ਅਕਾਰੀ ਪੁਸਤਕ 'ਗੁਰਬਾਣੀ ਪਾਠ ਦਰਪਣ' ਵਿੱਚ ਗੁਰੂ ਜੀ ਦੇ ਜੋਤੀ ਜੋਤਿ ਸਮਾਉਣਾ ਦੀ ਤਾਰੀਖ, "1596 ਬਿ: ਅੱਸੂ ਵਦੀ ਦਸਮੀ, ਸ਼੍ਰੀ ਕਰਤਾਰਪੁਰ ਸਾਹਿਬ, 10 ਅਕਤੂਬਰ 1539 ਈ:", ਦਰਜ ਹੈ। ਇਥੇ ਤਿੱਥ ਤਾਂ ਠੀਕ ਹੈ ਪਰ ਤਾਰੀਖ ਗਲਤ ਹੈ। 10 ਅਕਤੂਬਰ 1539 ਈ: (ਜੂਲੀਅਨ) ਮੁਤਾਬਕ ਤਾਂ ਕੱਤਕ ਵਦੀ 14 ਬਣਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉਪਰ ਵੀ 22 ਸਤੰਬਰ 1539 ਈ: ਹੀ ਦਰਜ ਹੈ। ਜੋ ਅੱਸੂ ਸੁਦੀ 10 ਬਣਦੀ ਹੈ।

"Guru Nanak dev ji, after testing his two sons and some followers, installed Bhai Lehna ji (guru Angad Dev ji) as the Second Nanak in 1539, and after a few days passed into Sachkhand on September,1539." (Sgpc.net)

ਪਰ ਕਮੇਟੀ ਆਪਣੇ ਕੈਲੰਡਰ ਵਿੱਚ ਇਸ ਦਿਹਾੜੇ ਦੀ ਤਾਰੀਖ ਅੱਸੂ ਵਦੀ 10 ਮੁਤਾਬਕ ਨਿਰਧਾਰਤ ਕਰਕੇ ਪ੍ਰਵਿਸ਼ਟਿਆਂ ਵਿੱਚ ਦਰਜ ਕਰਦੀ ਹੈ, ਜੋ ਹਰ ਸਾਲ ਬਦਲ ਜਾਂਦਾ ਹੈ।

ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਵਿੱਚ ਦੋ ਤਰ੍ਹਾਂ ਤਾਰੀਖਾਂ ਲਿਖੀਆਂ ਮਿਲਦੀਆਂ ਹਨ। ਕਈ ਤਾਰੀਖਾਂ ਵਦੀ-ਸੁਦੀ ਵਿੱਚ ਅਤੇ ਕਈ ਤਾਰੀਖਾਂ ਪ੍ਰਵਿਸ਼ਟਿਆਂ ਵਿੱਚ। ਜਿਵੇ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦੀ ਤਿੱਥ ਅੱਸੂ ਵਦੀ 10, ਇਸ ਦਿਨ ਸੂਰਜੀ ਪ੍ਰਵਿਸ਼ਟਾ 8 ਅੱਸੂ ਸੀ। ਇਸੇ ਤਰ੍ਹਾਂ ਹੀ ਖਾਲਸਾ ਸਾਜਣਾ ਦਿਹਾੜਾ 1 ਵੈਸਾਖ 1756 ਬਿਕ੍ਰਮੀ ਵਾਲੇ ਦਿਨ ਚੇਤ ਸੁਦੀ 9 ਸੀ। ਗੁਰੂ ਨਾਨਕ ਜੀ ਦੇ ਜੋਤੀ ਜੋਤਿ ਸਮਾਉਣ ਦੀ ਤਾਰੀਖ 8 ਅੱਸੂ, ਅੱਸੂ ਵਦੀ 10 ਨੂੰ ਜੇ ਕਿਸੇ ਹਿਜਰੀ ਕੈਲੰਡਰ ਵਿਚ ਲਿਖਿਆ ਹੋਵੇਗਾ ਤਾਂ 23 ਰਵੀ-ਓਲ-ਸਾਨੀ, 946 ਹਿਜਰੀ ਲਿਖੀ ਹੋਵੇਗੀ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਜਦੋਂ ਉਨ੍ਹਾਂ ਨੇ ਸਾਡੇ ਇਤਿਹਾਸ ਨੂੰ ਸਮਝਣ ਲਈ ਇਨ੍ਹਾਂ ਤਾਰੀਖਾਂ ਦੀ ਬਦਲੀ ਆਪਣੇ ਕੈਲੰਡਰ ਮੁਤਾਬਕ ਕੀਤੀ ਜਾਂ ਕਰਵਾਈ ਤਾਂ ਇਹ 7 ਸਤੰਬਰ 1526 ਈ: (ਜੂਲੀਅਨ) ਲਿਖੀ ਗਈ।

ਨਾਨਕਸ਼ਾਹੀ ਕੈਲੰਡਰ ਕਮੇਟੀ ਵੱਲੋਂ, ਵੱਖ-ਵੱਖ ਜਥੇਬੰਦੀਆਂ ਅਤੇ ਵਿਦਵਾਨਾਂ ਦੀ ਰਾਏ ਜਾਨਣ ਤੋਂ ਪਿੱਛੋਂ, ਬਣਾਏ ਗਏ ਵਿਧੀ ਵਿਧਾਨ ਦਾ ਵੇਰਵਾ (13 ਨੁਕਤੇ), ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ ਦਰਜ ਹੈ। ਇਨ੍ਹਾਂ ਵਿੱਚ ਸਾਲ ਦੀ ਲੰਬਾਈ, ਹਰ ਮਹੀਨੇ ਦੇ ਦਿਨ, ਮਹੀਨੇ ਦਾ ਆਰੰਭ ਅਤੇ ਸਭ ਤੋਂ ਮਹੱਤਵ ਪੂਰਨ ਨੁਕਤਾ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁਖ ਰੱਖਿਆ ਜਾਵੇਗਾ' ਦਰਜ ਹੈ। ਇਸ ਨਿਯਮ ਦੇ ਮੁਤਾਬਕ ਗੁਰੂ ਨਾਨਕ ਜੀ ਦੇ ਜੋਤੀ ਜੋਤਿ ਦਿਹਾੜੇ ਦਾ ਅਸਲ ਪ੍ਰਵਿਸ਼ਟਾ ਭਾਵ 8 ਅੱਸੂ ਨੂੰ ਮੁੱਖ ਰੱਖਿਆ ਗਿਆ ਹੈ। ਪਿਛਲੇ ਦੋ ਦਹਾਕਿਆਂ ਵਿੱਚ ਨਾਨਕਸ਼ਾਹੀ ਕੈਲੰਡਰ ਦਾ ਕੋਈ ਵੀ ਵਿਰੋਧੀ, 8 ਅੱਸੂ ਨੂੰ ਗਲਤ ਸਾਬਿਤ ਨਹੀਂ ਕਰ ਸਕਿਆ। ਡਾ ਦਿਲਗੀਰ ਦਾ ਮੱਤ ਹੈ ਕਿ ਸਾਨੂੰ ਇਹ ਦਿਹਾੜਾ ਉਸ ਦਿਨ ਦੀ ਅੰਗਰੇਜੀ ਤਾਰੀਖ ਜੋ 7 ਸਤੰਬਰ (ਜੂਲੀਅਨ) ਬਣਦੀ ਹੈ, ਨੂੰ ਹੀ ਮਨਾਉਣਾ ਚਾਹੀਦਾ ਹੈ। ਪਰ ਜਦੋਂ ਇਹ ਪੁੱਛਿਆ ਗਿਆ ਕਿ ਜਿਹੜਾ ਕੈਲੰਡਰ ਕਦੇ ਆਪਣੇ ਦੇਸ ਵਿੱਚ ਲਾਗੂ ਹੀ ਨਹੀਂ ਹੋਇਆ, ਉਸ ਮੁਤਾਬਕ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ ਜਾਂ ਉਸ ਮੁਤਾਬਕ ਇਤਿਹਾਸਕ ਦਿਹਾੜੇ ਕਿਵੇਂ ਮਨਾਏ ਜਾ ਸਕਦੇ ਹਨ? ਤਾਂ ਵਿਦਵਾਨ ਜੀ ਨੇ ਜਵਾਬ ਦੇਣ ਦੀ ਲੋੜ ਹੀ ਨਹੀਂ ਸਮਝੀ। ਨਾਨਕਸ਼ਾਹੀ ਕੈਲੰਡਰ ਦੇ ਇਕ ਹੋਰ ਵਿਰੋਧੀ, ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ ਇੱਛਾ ਹੈ ਕਿ ਸਾਨੂੰ ਉਸ ਦਿਨ ਦੀ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਮੁਤਾਬਕ ਹੀ ਸਾਰੇ ਦਿਹਾੜੇ ਮਨਾਉਣੇ ਚਾਹੀਦੇ

| ਸੰਮਤ | ਨਾਨਕਸ਼ਾਹੀ | ਧੁਮੱਕੜਸ਼ਾਹੀ |
|---|---|---|
| 550 | 8 ਅੱਸੂ | 18 ਅੱਸੂ |
| 551 | 8 ਅੱਸੂ | 8 ਅੱਸੂ |
| 552 | 8 ਅੱਸੂ | 28 ਭਾਦੋਂ |
| 553 | 8 ਅੱਸੂ | 16 ਅੱਸੂ |
| 554 | 8 ਅੱਸੂ | 4 ਅੱਸੂ |

ਹਨ। ਜਿਸ ਮੁਤਾਬਕ ਅੱਸੂ ਵਦੀ 10, 8 ਅੱਸੂ, 17 ਸਤੰਬਰ (ਗਰੈਗੋਰੀਅਨ) ਬਣਦੀ ਹੈ। ਜਦੋਂ ਉਨ੍ਹਾਂ ਨੂੰ ਇਹ ਸਵਾਲ ਕੀਤਾ ਕਿ, ਇਸੇ ਫਾਰਮੂਲੇ ਮੁਤਾਬਕ ਵੈਸਾਖੀ ਦੀ ਤਾਰੀਖ ਕਿੰਨੀ ਬਣਦੀ ਹੈ ਤਾਂ ਕਰਨਲ ਨਿਸ਼ਾਨ ਜੀ 8 ਅਪ੍ਰੈਲ ਕਹਿਣ ਦਾ ਹੌਸਲਾ ਨਹੀਂ ਕਰ ਸਕੇ। ਇਹ ਹਾਲ ਹੈ ਪਿਛਲੇ ਦੋ ਦਹਾਕਿਆਂ ਤੋਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਰਹੇ ਸੱਜਣਾਂ ਦਾ।

ਹੁਣ ਫੈਸਲਾ ਸਿੱਖ ਸੰਗਤ ਨੇ ਕਰਨਾ ਹੈ ਕਿ ਗੁਰੂ ਨਾਨਕ ਜੀ ਦਾ ਜੋਤੀ ਜੋਤਿ ਦਿਹਾੜਾ ਹਰ ਸਾਲ ਅਸਲ ਪ੍ਰਵਿਸ਼ਟੇ ਭਾਵ 8 ਅੱਸੂ ਨੂੰ ਮਨਾਉਣਾ ਹੈ ਜਾਂ ਅੱਸੂ ਵਦੀ 10 ਜਿਸ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ, ਜਾਂ ਉਸ ਦਿਨ ਦੀ ਜੂਲੀਅਨ ਤਾਰੀਖ ਭਾਵ 7 ਸਤੰਬਰ, ਜੋ ਕੈਲੰਡਰ ਕਦੇ ਆਪਣੇ ਖਿਤੇ ਵਿਚ ਲਾਗੂ ਹੀ ਨਹੀਂ ਹੋਇਆ, ਜਾਂ 17 ਸਤੰਬਰ ਗਰੈਗੋਰੀਅਨ ਮੁਤਾਬਕ, ਜਿਸ ਕੈਲੰਡਰ ਦਾ ਉਸ ਵੇਲੇ ਇਸ ਦੁਨੀਆਂ ਵਿੱਚ ਕੋਈ ਨਾਮੋਂ ਨਿਸ਼ਾਨ ਵੀ ਨਹੀਂ ਸੀ? ਯਾਦ ਰਹੇ ਗਰੈਗੋਰੀਅਨ ਕੈਲੰਡਰ 15 ਅਕਤੂਬਰ 1582 ਈ: ਨੂੰ ਹੋਂਦ ਵਿੱਚ ਆਇਆ ਸੀ। ਸ਼੍ਰੋਮਣੀ ਕਮੇਟੀ ਨੂੰ ਸਵਾਲ ਹੈ ਕਿ ਜੇ ਸੰਮਤ 551 ਨਾਨਕਸ਼ਾਹੀ ਵਿੱਚ ਗੁਰੂ ਨਾਨਕ ਜੀ ਦਾ ਜੋਤੀ ਜੋਤਿ ਦਿਹਾੜਾ, 8 ਅੱਸੂ ਨੂੰ ਮਨਾਉਣ ਨਾਲ ਕੋਈ ਧਾਰਮਿਕ ਸੰਕਟ ਨਹੀਂ ਪੈਦਾ ਹੋਇਆ ਤਾਂ ਹਰ ਸਾਲ ਇਸੇ ਪ੍ਰਵਿਸ਼ਟੇ ਨੂੰ ਕਿਉ ਨਹੀਂ ਮਨਾਇਆ ਜਾਣਾ ਚਾਹੀਦਾ?




**ਸਰਵਜੀਤ ਸਿੰਘ ਸੈਕਰਾਮੈਂਟੋ**

# 10 ਸਾਲਾਂ ਤੋਂ ਬੰਦ ਕੈਦੀਆਂ ਨੂੰ ਜ਼ਮਾਨਤ ਦਿੱਤੀ ਜਾਵੇ:ਸੁਪਰੀਮ ਕੋਰਟ

ਨਵੀਂ ਦਿੱਲੀ— ਸੁਪਰੀਮ ਕੋਰਟ ਨੇ ਕਿਹਾ ਕਿ ਜਿਨ੍ਹਾਂ ਦੋਸ਼ੀਆਂ ਨੇ 10 ਸਾਲ ਦੀ ਉਮਰ ਕੈਦ ਦੀ ਸਜ਼ਾ ਪੂਰੀ ਕਰ ਲਈ ਹੈ ਅਤੇ ਜਿਨ੍ਹਾਂ ਦੀ ਅਪੀਲ 'ਤੇ ਆਉਣ ਵਾਲੇ ਸਮੇਂ 'ਚ ਹਾਈ ਕੋਰਟ 'ਚ ਸੁਣਵਾਈ ਹੋਣ ਦੀ ਸੰਭਾਵਨਾ ਨਹੀਂ ਹੈ, ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਹੈ।ਜ਼ਮਾਨਤ ਤੋਂ ਨਾਹ ਕਰਨ ਦਾ ਕੋਈ ਠੋਸ ਕਾਰਣ ਜਰੂਰ ਹੋਣਾਂ ਚਾਹੀਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਜੇਲ੍ਹਾਂ ਦੀ ਭੀੜ ਨੂੰ ਘੱਟ ਕਰਨ ਦੇ ਉਦੇਸ਼ ਨੂੰ ਪੂਰਾ ਕਰਨ ਲਈ, ਇਹ ਉਨ੍ਹਾਂ ਦੋਸ਼ੀਆਂ ਨੂੰ ਜ਼ਮਾਨਤ ਦਿੱਤੇ ਜਾਣ ਦੀ ਜ਼ਰੂਰਤ ਹੈ, ਜਿਨ੍ਹਾਂ ਦੀ ਸਜ਼ਾ ਦੇ ਖਿਲਾਫ ਅਪੀਲ 10 ਸਾਲਾਂ ਤੋਂ ਪੈਂਡਿੰਗ ਹੈ ਅਤੇ ਨੇੜੇ ਵਿੱਚ ਹਾਈ ਕੋਰਟਾਂ ਦੁਆਰਾ ਇਸ ਦੀ ਸੁਣਵਾਈ ਦੀ ਕੋਈ ਸੰਭਾਵਨਾ ਨਹੀਂ ਹੈ।ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਭੈ ਐਸ. ਓਕਾ ਦੀ ਬੈਂਚ ਉਮਰ ਕੈਦ ਦੀ ਸਜ਼ਾ ਸੁਣਾਏ ਗਏ ਦੋਸ਼ੀਆਂ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਸੁਣਵਾਈ ਕਰ ਰਹੀ ਸੀ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ

ਜਿਹੜਾ ਪਾਟ ਹੀ ਗਿਆ ਓਹ ਸਚ ਕਿਵੇਂ ਹੋ ਜਾਊ। ਪਾਟਣ ਦਾ ਮੱਤਲਬ ਹੀ ਦੋ ਨੇ ਅਤੇ ਸਚ ਦੋ ਹੋ ਹੀ ਨਹੀ ਸਕਦੇ। ਸਚ ਹਮੇਸ਼ਾਂ ਇਕ ਹੁੰਦਾ ਦੋ ਤਾਂ ਵਿਚ ਵਿਚਾਲਾ ਜਿਹਾ ਹੁੰਦਾ।ਸਚ ਇਓਂ ਨਹੀ ਹੁੰਦਾ ਕਿ ਕਦੇ ਇਧਰੋਂ ਸੀਣ ਉਧੜ ਗਈ ਕਦੇ ਓਧਰੋਂ। ਕਦੇ ਜੇਹਬ ਪਾਟੀ ਫਿਰੇ ਕਦੇ ਕਛਾਂ ਚੋਂ ਉਧੜਿਆ ਫਿਰੇ।

ਈਸਾਈ ਪਾਸਟਰਾਂ ਨੂੰ ਹੀ ਪੂਛ ਲਿਓ ਬਾਈਬਲ ਵਿਚ ਕਿੰਨੀ ਵਾਰ ਟਾਂਕੇ ਲਾਓਂਣੇ ਪਏ। ਘਟੋ ਘਟ 32 ਤੋਂ 36 ਵਾਰ ਤਬਦੀਲੀਆਂ ਕਰਨੀਆਂ ਪਈਆਂ ਬਾਈਬਲ ਵਿਚ ਕਿਓਂਕਿ ਉਧੜੀ ਤੁਰੀ ਆਓਂਦੀ ਸੀ ਇਕ ਪਾਸੇ ਸੀਣ ਮਾਰਦੇ ਸੀ ਦੂਜਿਓਂ ਗਰੀਬ ਦੇ ਝਗੇ ਤਰਾਂ ਉਧੜੀ ਹੁੰਦੀ ਸੀ।

ਅਸੀਂ ਕਿਸੇ ਦੇ ਧਰਮ ਵਿਚਲੀਆਂ ਗਲਾਂ ਤੋਂ ਕੁਝ ਲੈਣਾ ਦੇਣਾ ਨਹੀ ਪਰ ਜਦ ਸਾਡੇ ਘਰ ਦੇ ਦਰਵਾਜੇ ਮੂਹਰੇ ਕੋਈ ਖੌਰੂ ਪਾਊ ਯਾਣੀ ਜਹਾਦ ਕਰਦਾ ਫਿਰੂ ਫਿਰ ਤਾਂ ਬੋਲਣਾ ਬਣਦਾ ਹੈ ਕਿ ਦੂਜਿਆਂ ਦੁਆਲੇ ਕੈਚੀਆਂ ਫਿਰ ਚਕ ਲਿਓ ਪਹਿਲਾਂ ਆਵਦੀਆਂ ਸੀਣਾਂ ਤਾਂ ਮਾਰ ਆਓ।

'ਸਾਡੇ ਵਾਲੇ' ਕਹਿੰਦੇ ਤੁਸੀਂ ਇਨਾ ਦੇ ਯਾਣੀ ਈਸਾਈਆਂ ਦੇ ਮੁਲਖਾਂ ਵਿਚ ਫਿਰ ਕੀ ਕਰਦੇ ਫਿਰਦੇ ਓਂ ਪਰ ਯਾਦ ਰਖਣਾ ਕੋਈ ਮੁਲਖ ਇਨਾ ਦਾ ਨਹੀ ਲੋਕਾਂ ਕੋਲੋਂ ਖੋਹੇ ਹੋਏ ਅਤੇ ਖੂਨ ਵਹਾ ਕੇ ਝੂਠਾਂ ਫਰੇਬਾਂ ਨਾਲ ਕਬਜੇ ਕੀਤੇ ਹੋਏ ਨੇ ਇਨਾ ਵੀ। ਅਫਰੀਕਾ ਵਾਲੇ ਆਂਹਦੇ ਜਦ ਇਹ ਆਏ ਇਨਾ ਹਥ ਬਾਈਬਲ ਸੀ ਅਸੀਂ ਅਪਣੀ ਧਰਤੀ ਦੇ ਮਾਲਕ ਪਰ ਜਦ ਅਖਾਂ ਖੋਹਲੀਆਂ ਬਾਈਬਲ ਸਾਡੇ ਅਗੇ ਧਰ ਗਏ ਸਾਡੀ ਧਰਤੀ ਦੇ ਮਾਲਕ ਇਹ ਸਨ।

ਕੋਈ ਦਸੇ ਕਨੇਡਾ ਅਮਰੀਕਾ ਅਸਟ੍ਰੇਲੀਆ ਇਨਾ ਦਾ ਕਿਵੇਂ? ਇਓਂ ਤਾਂ ਹਿੰਦੁਸਤਾਨ ਵੀ ਇਨਾ ਦਾ ਸੀ ਕਦੇ। ਇਹ ਵੀ ਤਾਂ ਦੂਜਿਆਂ ਦੇ ਮੁਲਖ ਤੁਰੇ ਫਿਰਦੇ ਨੇ।

ਸਾਡੇ ਵੰਨੀ ਵੀ ਸਿਧੇ ਆਓਂਦੇ ਤਾਂ ਅਫਸੋਸ ਨਾ ਸੀ ਅਤੇ ਦੋ ਹਥ ਕਰਦੇ ਪਰ ਬੇਈਮਾਨੀਆਂ ਨਾਲ ਡੋਗਰਿਆਂ ਰਾਹੀਂ ਵੜਕੇ ਖਾਲਸਾ ਰਾਜ ਹੜਪਿਆ ਅਤੇ ਸੰਸਾਰ ਉਪਰ ਸੂਰਜ ਨਾ ਡੁਬਣ ਦੇਣ ਵਾਲਾ ਰਾਜ ਕੀ ਇਨੀ ਸਚ ਬੋਲ ਕੇ ਲਿਆ?

ਸੰਸਾਰ ਉਪਰ ਮਨੁਖਤਾ ਦਾ ਖੂਨ ਮੁਸਲਮਾਨਾ ਤੋਂ ਵੀ ਜਿਆਦਾ ਈਸਾਈਅਤ ਨੇ ਡੋਹਲਿਆ ਹੋਇਆ ਜੋ ਕਿ ਹਾਲੇ ਤੀਕ ਡੋਹਲ ਰਹੀ ਹੈ।

ਸਚ ਇਕ ਹੀ ਹੁੰਦਾ ਦੋ ਹੋ ਜਾਣ ਤਾਂ ਓਹ ਸਚ ਨਹੀ ਰਹਿੰਦਾ। ਦੋ ਸਚ ਹੋ ਹੀ ਨਹੀ ਸਕਦੇ। ਇਓਂ ਨਹੀ ਕਦੇ ਧਰਤੀ ਚਪਟੀ, ਕਦੇ ਤਿਖੀ ਕਦੇ ਤਿਕੋਣੀ ਅਤੇ ਗੋਲ ਕਹਿਣ ਵਾਲੇ ਦਾ ਸਿਰ ਵੱਢ ਦਿਓ। ਇਨੀ ਤਾਂ ਜੀਸਸ ਦਾ ਪਿਓ ਮਨਫੀ ਕਰਕੇ ਓਸ ਭਲੇ ਆਦਮੀ ਨੂੰ ਵੀ ਸ਼ੱਕੀ ਕਰ ਮਾਰਿਆ। ਸਚ ਦੀ ਸ਼ੁਰੂਆਤ ਹੀ ਸ਼ਕੀ ਤਾਂ ਸਚ ਤਾਂ ਪਾਟੇਗਾ ਹੀ ਅਤੇ ਇਹੀ ਕਾਰਨ ਕਿ ਵੈਸਟ ਦੀਆਂ ਚਰਚਾਂ ਨੂੰ ਤਾਲੇ ਲਗ ਚੁਕੇ ਹੋਏ ਨੇ ਕਦ ਦੇ ਯਾਣੀ ਘਰ ਦੇ ਦਾਣੇ ਵਿਕ ਚੁਕੇ ਹੋਏ ਬਾਹਰ ਜਾ ਕੇ ਜਹਾਦ ਕਰਦੇ ਫਿਰਦੇ।

ਸਚ ਉਧੜਦਾ ਨਹੀ ਕਦੇ, ਸਚ ਨੂੰ ਸੀਣ ਮਾਰਨੀ ਹੀ ਨਹੀ ਪੈਂਦੀ। ਪਾਟਣੋਂ ਪਾਟ ਜਾਊ ਪਰ ਉਧੜੂ ਨਾ ਕਦੇ। ਦਸ ਦਿਓ ਜੇ ਚਰਖੜੀ ਤੇ ਚੜ ਕੇ ਉਧੜਿਆ ਜਾਂ ਆਰੇ ਹੇਠ ਸਿਰ ਦੇ ਕੇ ਉਧੜ ਗਿਆ। ਪਾੜ ਸੁਟੇ ਵਿਚਾਲਿਓਂ ਪਰ ਉਧੜੇ ਨਾ।

ਬਾਬਾ ਅਪਣਾ ਕੜੀਆਂ ਵਰਗੇ ਜਵਾਨ ਪੁੱਤ ਬਚਾ ਸਕਦਾ ਸੀ, ਓਨਾ ਦੀਆਂ ਲਾਸ਼ਾਂ ਲਿਤਾੜ ਕੇ ਲੰਘਣੋ ਬਚਿਆ ਜਾ ਸਕਦਾ ਸੀ ਜੇ ਚਮਕੌਰੋਂ ਨਿਕਲ ਤੁਰਦੇ ਹਾਲੇ ਸਮਾ ਹੈ ਸੀ ਪਰ ਸਚ ਕੀ ਹੋਇਆ ਜੇ ਉਧੜ ਤੁਰਿਆ ਅਤੇ ਸੰਸਾਰ ਨੂੰ ਦਸਿਆ ਕਿ ਲੜਿਆ ਇਓਂ ਵੀ ਜਾਂਦਾ ਅਤੇ ਓਹ ਸਚ ਅਜ ਤਕ ਲੜੀ ਤੁਰਿਆ ਆਓਂਦਾ ਅਤੇ ਓਹ ਵੀ ਬਿਨਾ ਕਿਸੇ ਜਰਨੈਲ ਤੋਂ।

ਈਸਾਈਅਤ ਨੂੰ ਪੁਛੋ ਤੇਰਾਂ ਨਾਲ ਨਫਰਤ ਕਿਓਂ। ਸਚ ਕਾਹਦਾ ਜੇ ਚੇਲੇ ਗੁਰੂ ਨੂੰ ਹੀ ਛਡ ਕੇ ਭਜ ਨਿਕਲੇ। ਸਾਡਿਆਂ ਤਾਂ ਬੇਦਾਵੇ ਦੇ ਕੇ ਵੀ ਆਣ ਸਿਰ ਦਿਤੇ ਅਤੇ ਮੌਤ ਨਾਲ ਭਿੜ ਗਏ। ਨਾ ਕੋਈ ਆਰੇ ਹੇਠ ਸਿਰ ਦੇਣੋਂ ਦੌੜਿਆ ਨਾ ਦੇਗ ਵਿਚ ਉਬਲਣੋ ਨਾ ਜਿਓਂਦਾ ਸੜਨੋ।

ਪਾਦਰੀ ਇਨਾ ਦੇ ਤਾਂ ਹਾਲੇ ਕਲ ਚਰਚਾਂ ਬਣਾਓਂਣ ਖਾਤਰ ਪੈਸੇ ਲੈ ਲੈ ਸਵਰਗਾਂ ਦੀਆਂ ਟਿਕਟਾਂ ਵੇਚਦੇ ਰਹੇ ਨੇ ਫਸਟ, ਸੈਕਿੰਡ ਅਤੇ ਥਰਡ ਕਲਾਸ ਦੀਆਂ ਪਰ ਓਹ ਚਰਚਾਂ ਫਿਰ ਵੀ ਨਾ ਬਚ ਸਕੀਆਂ।

ਸਚ ਕਦੇ ਪੁਰਾਣਾ ਨਹੀ ਹੁੰਦਾ ਨਾ ਕਦੇ ਸਮਾ ਵਿਹਾ ਚੁਕਾ ਹੋਇਆ। ਮੇਰਾ ਸਚ ਮੈਂ ਤੋਂ ਸ਼ੁਰੂ ਨਹੀ ਹੁੰਦਾ ਕਿ ਮੈਨੂੰ ਰਬ ਮੰਨੋ, ਮੈਂ ਹੀ ਕਰਤਾ ਹਾਂ ਜਾਂ ਮੈਂ ਰਬ ਦਾ ਸਕਾ ਪੁਤ ਹਾਂ, ਜਾਂ ਮੈਨੂੰ ਹੀ ਆਖਰੀ ਪੈਗੰਬਰ ਭੇਜਿਆ ਗਿਆ ਹੈ ਮੇਰਾ ਸਚ ਤੂੰ ਤੋਂ ਸ਼ੁਰੂ ਹੁੰਦਾ ਅਤੇ ਤੂੰ ਵਿਚ ਹੀ ਸਮਾ ਜਾਂਦਾ। ਮੇਰੇ ਸਚ ਦਾ ਬੇਸ ਸਚਿਆਰਾ ਕਿਵੇਂ ਹੋਣ ਵੰਨੀ ਹੈ ਜਿਹੜਾ ਕਿ ਜਦ ਤੋਂ ਮਨੁੱਖ ਨੇ ਸੁਰਤ ਸੰਭਲੀ ਅਤੇ ਜਦ ਤੀਕ ਇਸ ਦੀ ਹੋਂਦ ਧਰਤੀ ਪੁਰ ਰਹੇਗੀ ਇਸ ਸਚ ਦੇ ਸਨਮੁਖ ਇਸ ਨੂੰ ਖੜੋਣਾ ਹੀ ਪਵੇਗਾ। ਜਿਓਂ ਜਿਓਂ ਅਗੇ ਜਾਏਗਾ ਇਹ ਸਚ ਹੋਰ ਨਵਾਂ ਹੋਕੇ ਮਿਲੇਗਾ ਕਿ ਮੈਂ ਸਚਿਆਰ ਕਿਵੇਂ ਹੋਣਾ। ਪਦਾਰਥਵਾਦ ਦੇ ਰੇਗਸਤਾਨਾ ਵਿਚ ਭਟਕਿਆ ਹੋਇਆ ਮਿਰਗ ਜਦ ਹਫ ਜਾਏਗਾ ਤਾਂ ਫਿਰ ਇਹ ਸਵਾਲ ਇਸ ਅਗੇ ਆਣ ਖੜਾ ਹੋਵੇਗਾ ਕਿ ਆਖਰੀ ਰਸਤਾ ਆਖਰ ਸਚਿਆਰ ਹੋਣ ਵੰਨੀ ਹੀ ਖੁਲਣਾ ਅਤੇ ਮੈਂ ਕਿਵੇਂ ਹੋਵਾਂ। ਮੈਂ ਜਿਹੜੇ ਮਰਜੀ ਤਾਰੇ ਤੋੜ ਆਵਾਂ ਪਰ ਡਿਗਣਾ ਆਖਰ ਧਰਤੀ ਤੇ ਹੀ ਹੈ ਅਤੇ ਡਿਗੇ ਹੋਏ ਤੋਂ ਇਹੀ ਕਹਿ ਹੋਣਾ ਕਿ ਐਵੇਂ ਹੀ ਭਟਕੀ ਗਿਆ ਮਨ ਦਾ ਸਕੂਨ ਤਾਂ ਸਚਿਆਰ ਹੋਣ ਵਿਚ ਹੀ ਸੀ।

ਜੇ ਮੈਂ ਇਸ ਸਚ ਤੋਂ ਦੌੜ ਹੀ ਨਹੀ ਸਕਦਾ ਤਾਂ ਇਹ ਸਚ ਪੁਰਾਣਾ ਕਿਵੇਂ ਹੋ ਗਿਆ।

ਮਨੁਖਤਾ ਜਿਓਂ ਜਿਓਂ ਭਟਕੇਗੀ ਇਹ ਸਚ ਤਿਓਂ ਤਿਓਂ ਨਵਾਂ ਹੋ ਕੇ ਮੇਰੇ ਅਗੇ ਆਣ ਖੜਾ ਹੋਵੇਗਾ ਕਿਓਂਕਿ ਸਚ ਕਦੇ ਪੁਰਾਣਾ ਹੁੰਦਾ ਹੀ ਨਹੀ।

ਮਾੜੀਆਂ ਕਰਤੂਤਾਂ ਹੀ ਛਡਣ ਨੂੰ ਗੁਰਾਂ ਦਾ ਸਚ ਵਾਰ ਵਾਰ ਮੈਨੂੰ ਕਹਿੰਦਾ ਹੋਰ ਇਸ ਵਿਚ ਕਿਹੜੀ ਚੰਨ ਤਾਰਿਆਂ ਦੀ ਗਲ ਕੀਤੀ ਕਿ ਤਾਰਿਆਂ ਦੀ ਗੰਗਾ ਕਿੰਨੀ ਦੂਰ ਅਤੇ ਕਿਧਰ ਨੂੰ ਵਹਿੰਦੀ, ਚੰਨ ਕਿੰਨੀ ਦੂਰ ਜਾਂ ਸੂਰਜ ਕਿੰਨੇ ਮੀਲ। ਧਰਤੀ ਹੇਠ ਬਲਦ ਦੇ ਸਿੰਗ







# ਇਸਾਈ ਸਿੱਖ ਮਸਲਾ

ਪਿਛਲੇ ਮਹੀਨੇ ਤੋਂ ਮਾਝੇ ਦੇ ਇਲਾਕੇ ਵਿਚ ਈਸਾਈ ਕਹਾਉਣ ਵਾਲੇ ਪ੍ਰਚਾਰਕਾਂ ਦੁਆਰਾ ਲੋਕਾਂ ਦਾ ਧਰਮ ਬਦਲੀ ਕਰਵਾਉਣ ਅਤੇ ਇਸ ਦੇ ਸਿੱਟੇ ਵਜੋਂ ਨਿਹੰਗ ਸਿੰਘਾਂ ਦੇ ਨਾਲ ਟਕਰਾਅ ਅਤੇ ਇਸ ਤੋਂ ਬਾਅਦ ਦੋਵੇਂ ਧਿਰਾਂ ਵਲੋਂ ਇੱਕ ਦੂਜੇ ਖਿਲਾਫ ਹੋ ਰਹੀ ਬਿਆਨਬਾਜ਼ੀ ਨਾਲ ਸਬੰਧਿਤ ਖਬਰਾਂ ਨਿੱਤ ਅਖਬਾਰਾਂ ਵਿਚ ਲੱਗਦੀਆਂ ਰਹਿੰਦੀਆਂ ਹਨ। ਪਿਛਲੇ ਦਿਨੀ ਇਸ ਸਬੰਧ ਵਿਚ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਐਂਗਲੀਕਨ ਚਰਚ ਦੇ ਬਿਸ਼ਪ ਜੌਹਨ ਨਾਲ ਗੱਲਬਾਤ ਕਰਕੇ ਦੋਵਾਂ ਨੇ ਈਸਾਈ ਕਹਾਉਣ ਵਾਲੇ ਇਹਨਾਂ ਪ੍ਰਚਾਰਕਾਂ ਦੇ ਤਰੀਕੇ ਨੂੰ ਗਲਤ ਦੱਸਿਆ ਸੀ ਅਤੇ ਦੋਵੇ ਪਾਸਿਆਂ ਤੋਂ ਇਸ ਸਬੰਧੀ ਸਰਕਾਰ ਤੋਂ ਇਸ ਤਰ੍ਹਾਂ ਦੇ ਈਸਾਈ ਪ੍ਰਚਾਰਕਾਂ 'ਤੇ ਪਬੰਦੀਆਂ ਲਗਾਉਣ ਦੀ ਮੰਗ ਕੀਤੀ ਗਈ ਸੀ। ਧਰਮ ਬਦਲਾਉਣ ਦੇ ਇਹਨਾਂ ਮਾਮਲਿਆਂ ਦੀ ਚਰਚਾ ਜਿਆਦਾਤਰ ਬਿਜਲ ਸੱਥ (ਸੋਸ਼ਲ ਮੀਡੀਆ) ਤੇ ਹੁੰਦੀ ਹੈ। ਇਸ ਦੇ ਅਸਰ ਵਜੋਂ ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਘੱਟ ਜਾਣ, ਈਸਾਈਆਂ ਅਤੇ ਦੂਸਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ ਵੱਧ ਜਾਣ ਦਾ ਫਿਕਰ ਸਿੱਖਾਂ ਦੇ ਇੱਕ ਹਿੱਸੇ ਵਿਚ ਕਾਫੀ ਵਧਿਆ ਹੈ। ਜਿਕਰਯੋਗ ਹੈ ਕਿ ਇਹ ਈਸਾਈ ਪ੍ਰਚਾਰਕ ਹਰੇਕ ਸਹਾਇਕ ਤਰੀਕੇ ਰਾਹੀਂ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰਦੇ ਹਨ, ਜਿਸਨੂੰ ਈਸਾਈਆਂ ਦੀਆਂ ਨਾਮਵਰ ਸੰਸਥਾਵਾਂ ਵੀ ਪ੍ਰਵਾਨਗੀ ਨਹੀਂ ਦਿੰਦੀਆਂ। ਜੋ ਗੱਲ ਜਿਆਦਾ ਫੜੀ ਗਈ ਹੈ ਉਹ ਇਹ ਕਿ ਇਹ ਈਸਾਈ ਕਹਾਉਂਦੇ ਪ੍ਰਚਾਰਕ ਮਜਬੂਰ ਲੋਕਾਂ ਨੂੰ ਲਾਲਚ ਜਾਂ ਸਹੂਲਤਾਂ ਦੇ ਕੇ ਆਪਣੇ ਨਾਲ ਜੋੜਦੇ ਹਨ। ਦੂਸਰਾ ਧੋਖੇ, ਚਮਤਕਾਰ ਰਾਹੀਂ, ਸਕੂਲ ਅਤੇ ਕਾਲਜ ਪੱਧਰ ਤੇ ਸਿੱਖਿਆ ਰਾਹੀ ਆਪਣੇ ਵਿਚ ਰਲਾਉਂਦੇ ਹਨ। ਇਸ ਸਾਰੇ ਮਾਮਲੇ ਤੋਂ ਵੱਡਾ ਹਿੱਸਾ ਜਾਣੂ ਹੈ। ਇਸ ਮਸਲੇ 'ਤੇ ਕੁਝ ਅਜਿਹੇ ਨੁਕਤੇ ਹਨ ਜਿੰਨ੍ਹਾਂ ਦੁਆਲੇ ਗੱਲ ਜਿੰਨੀ ਤੁਰਨੀ ਚਾਹੀਦੀ ਸੀ ਉਨੀ ਤੁਰੀ ਨਹੀਂ।

ਪਹਿਲਾ ਨੁਕਤਾ ਇਹ ਹੈ ਕਿ ਸਿੱਖੀ ਬਖਸ਼ਿਸ਼ ਦੇ ਨਾਲ ਮਿਲਦੀ ਹੈ। ਸਿੱਖੀ ਨਾ ਲਾਲਚ ਨਾਲ ਫੈਲਾਈ ਜਾ ਸਕਦੀ ਹੈ, ਨਾ ਹੀ ਸਿੱਖੀ ਗਿਣਤੀਆਂ ਦੀ ਅਤੇ ਨਾ ਹੀ ਸਹੂਲਤਾਂ ਦੀ ਮੁਹਥਾਜ ਹੈ, ਸੋ ਇਸ ਲਈ ਇਹ ਪਹੁੰਚ ਬਿਲਕੁਲ ਗਲਤ ਹੈ ਕਿ ਜੇਕਰ ਉਹ ਲੋਕਾਂ ਨੂੰ ਲਾਲਚ ਦੇ ਕੇ ਆਪਣੀ ਗਿਣਤੀ ਵਧਾ ਰਹੇ ਹਨ ਤਾਂ ਸਾਨੂੰ ਵੀ ਲੋਕਾਂ ਨੂੰ ਸਹੂਲਤਾਂ ਜਾਂ ਲਾਲਚ ਜਾਂ ਹੋਰ ਕਿਸੇ ਛਲ ਕਪਟ ਨਾਲ ਸਿੱਖੀ ਵੱਲ ਲੈ ਕੇ ਆਉਣਾ ਚਾਹੀਦਾ ਹੈ। ਇਹ ਤਰੀਕਾ ਸਾਡਾ ਨਹੀਂ ਹੈ, ਸਿੱਖੀ ਵਿੱਚ ਦੀਵੇ ਤੋਂ ਦੀਵਾ ਜਗਦਾ ਹੈ, ਜਿਸ 'ਤੇ ਗੁਰੂ ਦੀ ਬਖਸ਼ਿਸ਼ ਹੋਵੇਗੀ ਸਿੱਖੀ ਉਸੇ ਨੂੰ ਹੀ ਪ੍ਰਾਪਤ ਹੋਵੇਗੀ। ਅੱਜ ਜੋ ਲਾਲਚ ਵੱਸ ਕਿਸੇ ਨਾਲ ਜੁੜ ਰਿਹਾ, ਕੱਲ ਨੂੰ ਕਿਸੇ ਵੱਡੇ ਲਾਲਚ ਪਿਛੇ ਉਸ ਤੋਂ ਟੁੱਟ ਵੀ ਜਾਵੇਗਾ।

ਦੂਸਰਾ ਨੁਕਤਾ ਇਹ ਹੈ ਕਿ ਇਹ ਜਿੰਨੇ ਵੀ ਚਮਤਕਾਰਾਂ ਵਾਲੇ ਜੋ ਈਸਾਈ ਪ੍ਰਚਾਰਕ ਕਹਾ ਰਹੇ ਹਨ ਇਹਨਾਂ ਪਿੱਛੇ ਬਿਨਾਂ ਸ਼ੱਕ ਸਟੇਟ ਅਤੇ ਆਰ.ਐੱਸ.ਐੱਸ ਹੈ। ਇਹ ਅਸਲ ਚਰਚਾਂ ਦੇ ਨੁਮਾਇੰਦੇ ਨਹੀਂ ਹਨ, ਸਗੋਂ ਉਹਨਾਂ ਦੇ ਨੁਮਾਇੰਦੇ ਤਾਂ ਇਹਨਾਂ ਨੂੰ ਖੁਦ ਨਕਲੀ ਦੱਸ ਰਹੇ ਹਨ ਅਤੇ ਇਸ ਸਭ ਦਾ ਉਹ ਵੀ ਵਿਰੋਧ ਕਰ ਰਹੇ ਹਨ। ਹਕੂਮਤ ਚਾਹੇ ਕੋਈ ਵੀ ਸਾਜਿਸ਼, ਛਲ ਕਪਟ ਘੜ ਲਵੇ, ਜੇਕਰ ਸਿੱਖ ਸੰਗਤ ਆਪਣਾ ਭਰੋਸਾ ਗੁਰੂ 'ਤੇ ਅਡੋਲ ਰੱਖਦੀ ਹੈ, ਅਤੇ ਹਰੇਕ ਮਸਲੇ ਵਿਚ ਸੁਚੇਤ ਰਹਿੰਦੀ ਹੈ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਿੱਖੀ ਨੂੰ ਖੋਰਾ ਨਹੀਂ ਲਾ ਸਕਦੀ।

ਤੀਸਰਾ ਨੁਕਤਾ ਇਹ ਹੈ ਕਿ ਜਿੰਨ੍ਹੇ ਸਿੱਖ (ਦਿਸਦੇ ਰੂਪ ਵਿੱਚ) ਇਸ ਪਾਸੇ ਜਾ ਰਹੇ ਹਨ ਉਹਨਾਂ ਬਾਰੇ ਸਾਨੂੰ ਜਰੂਰ ਵੇਖਣਾ ਚਾਹੀਦਾ ਹੈ ਕਿ ਉਹ ਕੌਣ ਲੋਕ ਹਨ। ਅਸਲ ਵਿੱਚ ਉਹ ਓਹੀ ਲੋਕ ਹਨ ਜਿਹੜੇ ਡੇਰਾਵਾਦ ਨੂੰ ਮੰਨਦੇ ਹਨ, ਜਿੰਨ੍ਹਾ ਵਿੱਚ ਸਰਸੇ ਵਾਲੇ ਦੇ ਚੇਲੇ, ਨੂਰ ਮਹਿਲੀਏ ਦੇ ਚੇਲੇ, ਰਾਧਾ ਸੁਆਮੀ ਦੇ ਚੇਲੇ ਜਾਂ ਕਬਰਾਂ 'ਤੇ ਮੱਥੇ ਟੇਕਣ ਵਾਲੇ ਆਦਿ ਲੋਕ ਸ਼ਾਮਲ ਹਨ। ਬਹੁਤਾਤ ਇਹਨਾਂ ਲੋਕਾਂ ਦੀ ਹੀ ਹੈ, ਇਹਨਾਂ ਵਿੱਚ ਪੱਗਾਂ ਵਾਲੇ ਵੀ ਹਨ, ਦਾਹੜੀਆਂ ਵਾਲੇ ਵੀ ਹਨ, ਬਸ ਇਹਨਾਂ ਦੀ ਦਿੱਖ ਹੀ ਸਿੱਖਾਂ ਵਾਲੀ ਹੈ, ਪਰ ਇਹ ਸਿੱਖ ਨਹੀਂ ਹਨ। ਉਹਨਾਂ ਦੀਆਂ ਤਸਵੀਰਾਂ/ਵੀਡਿਓ ਵਿਖਾ ਕੇ ਸਿੱਖਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਭ ਦੇ ਬਹਾਨੇ ਸਿੱਖਾਂ ਨੂੰ ਦੁਨੀਆਂ ਭਰ ਵਿੱਚ ਈਸਾਈਅਤ ਵਿਰੋਧੀ ਦਿਖਾ ਕੇ ਸਿੱਖਾਂ ਅਤੇ ਈਸਾਈਆਂ ਦਾ ਦੁਨੀਆਂ ਪੱਧਰ 'ਤੇ ਟਕਰਾਅ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਇੱਕ ਨੁਕਤਾ ਇਹ ਹੈ ਕਿ ਜੇਕਰ ਫਿਰ ਵੀ ਸਾਨੂੰ ਲਗਦਾ ਹੈ ਕਿ ਇਹ ਅਸਲ ਈਸਾਈ ਹਨ ਜੋ ਆਪਣੇ ਪੈਰ ਪਸਾਰ ਰਹੇ ਹਨ, ਫਿਰ ਉਹਨਾਂ ਦਾ ਮੁਕਾਬਲਾ ਕਿਸ ਤਰ੍ਹਾਂ ਕਰਨਾ ਹੈ? ਉਹਨਾਂ ਦੇ ਪਿੱਛੇ ਉਹਨਾਂ ਦੀਆਂ ਸੰਸਥਾਵਾਂ ਖੜ੍ਹੀਆਂ ਹਨ। ਸੰਸਥਾਵਾਂ ਦਾ ਮੁਕਾਬਲਾ ਸੰਸਥਾਵਾਂ ਨਾਲ ਹੀ ਹੋ ਸਕਦਾ ਹੈ। ਸਿੱਖਾਂ ਦੀਆਂ ਸੰਸਥਾਵਾਂ ਅੱਜ ਸਿੱਧੇ-ਅਸਿੱਧੇ ਤਰੀਕੇ ਗਲਤ ਹੱਥਾਂ ਵਿੱਚ ਹਨ, ਉਹ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਨਹੀਂ ਕਰ ਰਹੀਆਂ। ਸੋ ਸਾਨੂੰ ਆਪਣੀਆਂ ਸੰਸਥਾਵਾਂ ਆਜ਼ਾਦ ਕਰਵਾਉਣ ਦੀ ਲੋੜ ਹੈ ਅਤੇ ਨਵੀਆਂ ਸੰਸਥਾਵਾਂ ਜੋ ਗੁਰਮਤਿ ਅਨੁਸਾਰੀ ਹੋਣ, ਸਾਡੀ ਰਵਾਇਤ ਅਨੁਸਾਰ ਹੋਣ ਉਹ ਬਣਾਉਣ ਦੀ ਲੋੜ ਹੈ। ਸਿੱਖ ਰਾਜ ਜਾਣ ਤੋਂ ਬਾਅਦ ਈਸਾਈ ਮਿਸ਼ਨਰੀਆਂ ਦੁਆਰਾ ਅਮ੍ਰਿਤਸਰ, ਲਾਹੌਰ, ਸਿਆਲਕੋਟ ਕਿੰਨੇ ਹੀ ਇਲਾਕਿਆਂ ਵਿਚ ਈਸਾਈ ਸਕੂਲ ਅਤੇ ਚਰਚਾਂ ਸਥਾਪਤ ਕਰਕੇ ਬੜੇ ਜ਼ੋਰ ਨਾਲ ਈਸਾਈ ਧਰਮ ਦਾ ਪ੍ਰਚਾਰ ਕੀਤਾ ਗਿਆ ਸੀ ਅਤੇ ਨਤੀਜਨ ਸਿੱਖਾਂ ਦੀ ਗਿਣਤੀ ਦਿਨੋਂ ਦਿਨ ਘੱਟਦੀ ਗਈ। ਇਥੋਂ ਤੱਕ ਕਿ ਸਿੱਖ ਮਹਾਰਾਜਾ ਦਲੀਪ ਸਿੰਘ, ਕਪੂਰਥਲਾ ਰਿਆਸਤ ਦੇ ਰਾਜਕੁਮਾਰ, ਸਕੂਲਾਂ ਵਿਚ ਪੜਦੇ ਵਿਦਿਆਰਥੀ ਵੀ ਈਸਾਈ ਸਿੱਖਿਆ ਤੇ ਉਹਨਾਂ ਦੀ ਸੰਗਤ ਕਰਕੇ ਈਸਾਈ ਬਣ ਗਏ ਸੀ। ਇਸ ਬਾਰੇ ਅੰਗਰੇਜ਼ੀ ਦੇ ਅਖਬਾਰ ਵਿਚ ਛਪੀ ਇੱਕ ਰਿਪੋਰਟ ਵਿਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਸਿੱਖਾਂ ਦੀ ਗਿਣਤੀ ਜੇਕਰ ਇਸੇ ਰਫ਼ਤਾਰ ਨਾਲ ਘੱਟਦੀ ਗਈ ਤਾਂ ਜਿਵੇਂ ਬੋਧੀਆਂ ਦੇ ਦਰਸ਼ਨ ਤਸਵੀਰਾਂ ਵਿਚ ਹੀ ਹੁੰਦੇ ਹਨ। ਸਿੱਖ ਵੀ ਤਸਵੀਰਾਂ ਵਿਚ ਹੀ ਨਜ਼ਰ ਆਉਣਗੇ। ਪਰ ਉਸ ਵੇਲੇ ਦੇ ਸਿੱਖਾਂ ਨੇ ਮਿਲ ਬੈਠ ਵਿਚਾਰਾਂ ਕੀਤੀਆ ਅਤੇ ਇਸ ਵਿਚੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ ਜਿਸ ਨੇ ਈਸਾਈਆਂ ਵਲੋਂ ਖੜੀ ਕੀਤੀ ਚੁਣੌਤੀ ਨਾਲ ਵੀ ਨਜਿੱਠਿਆ ਅਤੇ ਆਰੀਆ ਸਮਾਜੀ ਅਤੇ ਮਹੰਤਾਂ ਦੇ ਕੂੜ ਪ੍ਰਚਾਰ, ਗੁਰੂਘਰਾਂ ਵਿਚੋ ਬਿਪਰ ਕੁਰਹਿਤਾਂ ਨੂੰ ਵੀ ਠੱਲ ਪਾਈ। ਸਿੰਘ ਸਭਾ ਦੇ ਸਿੰਘਾਂ ਦਾ ਪ੍ਰਚਾਰ ਕਰਨ ਦਾ ਤਰੀਕਾ ਸਿੱਖਾਂ ਵਲੋਂ ਜਾਨਣਾ ਜਰੂਰੀ ਹੈ। ਉਹਨਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ ਪਰ ਕਿਸੇ ਵੀ ਤਰ੍ਹਾਂ ਈਸਾਈਅਤ ਨੂੰ ਨੀਵਾਂ ਨਹੀਂ ਦਿਖਾਇਆ।ਬਿਪਤਾਵਾਂ ਸਦਾ ਹੀ ਜਿਉਂਦੀਆਂ ਕੌਮਾਂ ਨਾਲ ਪਰਛਾਵਿਆਂ ਦੀ ਤਰ੍ਹਾਂ ਚੱਲਦੀਆਂ ਹਨ। ਜਿਵੇਂ ਗੁਰੂ ਨਾਨਕ ਸਾਹਿਬ ਨੇ ਸਿਧਾਂ ਪਾਸ ਫੁਰਮਾਇਆ ਸੀ ਕਿ ਉਹਨਾਂ ਦੀ ਟੇਕ ਗੁਰਬਾਣੀ ਗੁਰਸੰਗਤ ਹੈ। ਮੌਜੂਦਾ ਦਰਪੇਸ਼ ਪ੍ਰਚਾਰ ਹਮਲੇ ਦਾ ਹੱਲ ਵੀ ਇਸੇ ਗੁਰਮਤ ਜੁਗਤ ਵਿਚੋਂ ਨਿਕਲ ਸਕਦਾ ਹੈ।

## ਨਿਊਜ਼ੀਲੈਂਡ 'ਚ ਸਿੱਖਾਂ ਨੇ ਸਿਰਜਿਆ ਇਤਿਹਾਸ

ਔਕਲੈਂਡ: ਨਿਊਜ਼ੀਲੈਂਡ ਵਿਚ ਵਸਦੇ ਸਿੱਖਾਂ ਨੇ ਇਤਿਹਾਸ ਸਿਰਜਦਿਆਂ ਸਮੁੱਚੇ ਭਾਈਚਾਰੇ ਦੀ ਨੁਮਾਇੰਦਗੀ ਲਈ ਇਕ ਕੌਮੀ ਜਥੇਬੰਦੀ ਦਾ ਗਠਨ ਕੀਤਾ ਹੈ ਜੋ ਨਾ ਸਿਰਫ਼ 25 ਗੁਰੂ ਘਰਾਂ ਨੂੰ ਆਪਸ ਵਿਚ ਜੋੜੇਗੀ ਬਲਕਿ ਸਿੱਖ ਖੇਡ ਕਲੱਬ ਅਤੇ ਐਸੋਸੀਏਸ਼ਨਾਂ ਵੀ ਇਕੋ ਛਤਰੇ ਹੇਠ ਆ ਜਾਣਗੀਆਂ। ਨਵੀਂ ਜਥੇਬੰਦੀਆਂ ਨੂੰ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦਾ ਨਾ ਦਿਤਾ ਗਿਆ ਹੈ ਅਤੇ ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਅਜਿਹੀ ਜਥੇਬੰਦੀ ਗਠਤ ਨਹੀਂ ਕੀਤੀ ਜਾ ਸਕੀ। ਦੱਖਣੀ ਔਕਲੈਂਡ ਦੇ ਤਾਕਾਨੀਨੀ ਵਿਖੇ ਸਥਿਤ ਗੁਰਦਵਾਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸਿੱਖ ਭਾਈਚਾਰੇ ਦਾ ਵੱਡਾ ਇਕੱਠ ਹੋਇਆ ਜਿਥੇ ਨਵੀਂ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸਿੱਖ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿਚੋਂ ਇਕ ਪ੍ਰਿਥੀਪਾਲ ਸਿੰਘ ਨੂੰ ਸਰਬਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ ਜਦਕਿ ਦਲਜੀਤ ਸਿੰਘ ਬਾਨੀ ਪ੍ਰਧਾਨ ਥਾਪੇ ਗਏ। ਕਰਮਜੀਤ ਸਿੰਘ ਤਲਵਾੜ ਨੂੰ ਸਕੱਤਰ ਜਨਰਲ ਚੁਣਿਆ ਗਿਆ ਹੈ ਅਤੇ ਗੁਰਿੰਦਰ ਸਿੰਘ ਸ਼ਾਦੀਪੁਰ ਮੀਤ ਪ੍ਰਧਾਨ ਹੋਣਗੇ।

---

ਨੇ ਜਾਂ ਸ਼ੇਸ਼ ਨਾਗ ਫਨ ਚੁਕੀ ਖੜਾ। ਔਰਤ ਬੰਦੇ ਦੀ ਵਖੀ ਵਿਚੋਂ ਪੈਦਾ ਹੋਈ ਜਾਂ ਕਿਸੇ ਸਰਾਪ ਨਾਲ।ਵਿਗਿਆਨ ਦਾ ਸੱਚ ਰੋਜ ਬਦਲਦਾ ਅਤੇ ਰੋਜ ਪਾਟਦਾ। ਰੋਜ ਨਵੀਆਂ ਲੀਰਾਂ ਇਸ ਨੂੰ ਲਾਓਂਣੀਆਂ ਪੈਦੀਆਂ ਅਤੇ ਨਵੇਂ ਟਾਂਕੇ ਜੜਨੇ ਪੈਂਦੇ। ਅਜ ਸਚ ਹੋਰ ਸੀ ਕਲ ਨੂੰ ਹੋਰ ਲਭ ਜਾਂਦਾ ਪਰਸੋ ਹੋਰ ਹੋਇਆ ਹੁੰਦਾ ਪਰ ਜਿਸ ਸਚ ਦੀ ਗਲ ਗੁਰਾਂ ਦਸੀ ਓਹ ਤਾਂ ਬੰਦੇ ਦੀ ਜਿੰਦਗੀ ਤੋਂ ਸ਼ੁਰੂ ਹੋ ਕੇ ਮਰਨ ਤੀਕ ਨਾਲ ਹੀ ਚਲਦਾ। ਲੋਭ ਕ੍ਰੋਧ ਹੰਕਾਰ ਦਸੋ ਜੇ ਨਹੀ ਚਲਦਾ ਅਤੇ ਇਹੀ ਤਾਂ ਸਾਰੀ ਚਰਚਾ ਹੈ ਕਿ ਇਨਾ ਤੋਂ ਛੁਟ ਕੇ ਮੈਂ ਬੰਦਾ ਬਣ ਜਾਂ।

ਯਾਦ ਰੱਖਣਾ ਈਸਾਈਅਤ ਦਾ ਸਚ ਬੰਦੇ ਦੀ ਮਦਦ ਬਾਅਦ ਕਰਦਾ ਪਹਿਲਾਂ ਈਸਾਈ ਬਣਾਉਂਦਾ। ਮੇਰੇ ਗੁਰਾਂ ਦਾ ਸਚ ਖੁਲੇ ਗਫੇ ਵਰਤਾ ਵੀ ਨਾ ਕਿਸੇ ਦਾ ਧਰਮ ਪੁਛਦਾ ਨਾ ਜਾਤ ਨਾ ਇਲਾਕਾ ਅਤੇ ਨਾ ਕਹਿੰਦਾ ਸਿਖ ਹੋ ਜਾਹ ਕਿਓਕਿ ਮੈਂ ਤੇਰੀ ਮਦਦ ਕੀਤੀ ਹੈ। ਨਾ ਕਿਸੇ ਨੂੰ ਸਿਖ ਹੋਣ ਲਈ ਡਰਾਉਂਦਾ ਨਾ ਲਾਲਚ ਦਿੰਦਾ ਕਿਓਂਕਿ ਸਚ ਡਰ ਅਤੇ ਲਾਲਚ ਤੋਂ ਪਰੇ ਹੈ ਜਿਸ ਨੇ ਆਓਂਣਾ ਤਲੀ ਤੇ ਸਿਰ ਰਖ ਕੇ ਆਵੇ ਨਹੀ ਤਾਂ ਅਪਣੇ ਘਰ ਬੈਠੇ ਕਿਓਂਕਿ ਇਥੇ ਮੁੜਕੇ ਟਾਂਕੇ ਜਾਂ ਸੀਣਾ ਨਹੀ ਵਜਣੀਆਂ। ਕਿ ਵਜਣੀਆਂ? -ਗੁਰਦੇਵ ਸਿੰਘ ਸੱਧੇਵਾਲੀਆ




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

23 ਸਤੰਬਰ, ਦਿਨ ਸ਼ੁੱਕਰਵਾਰ............ਅਨੰਦ ਕਾਰਜ ਹੋਵੇਗਾ।

24 ਸਤੰਬਰ, ਦਿਨ ਸ਼ਨਿੱਚਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

24 ਸਤੰਬਰ, ਦਿਨ ਸ਼ਨਿੱਚਰਵਾਰ.........ਸ਼ਾਮ ਨੂੰ ਲੰਗਰ 'ਚ ਸੇਵਾ ਭੱਟੀ ਪਰਿਵਾਰ ਵਲੋਂ ਹੋਵੇਗੀ।

25 ਸਤੰਬਰ, ਦਿਨ ਐਤਵਾਰ...............ਸਵੇਰ ਨੂੰ ਲੰਗਰ ਦੀ ਸੇਵਾ ਭਾਈ ਸਰਵਨ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।

25 ਸਤੰਬਰ, ਦਿਨ ਐਤਵਾਰ...............ਬਾਅਦ ਦੁਪਹਿਰ 2:30 ਵਜੇ ਸਵ. ਬੀਬੀ ਗੁਰਬਖਸ਼ ਕੌਰ ਲਾਂਜੀ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

30 ਸਤੰਬਰ, ਦਿਨ ਸ਼ੁੱਕਰਵਾਰ............ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

30 ਸਤੰਬਰ, ਦਿਨ ਸ਼ੁੱਕਰਵਾਰ............ਸਵੇਰ ਨੂੰ ਭਾਈ ਹਰੀ ਸਿੰਘ ਢਿੱਲੋਂ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਸ ਦੇ ਭੋਗ 2 ਅਕਤੂਬਰ, ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ।

1 ਅਕਤੂਬਰ, ਦਿਨ ਸ਼ਨਿੱਚਰਵਾਰ.........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਕਰਮਜੀਤ ਸਿੰਘ ਸੰਧੂ ਅਤੇ ਪਰਿਵਾਰ ਅਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਜਸਵੰਤ ਸਿੰਘ ਫਰੀਦਕੋਟ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

# ਕਾਵਿ ਕਿਆਰੀ

## ਨਾਮ ਜਿਉਂਦੇ

ਜਬਰ ਜੁਲਮ ਦੇ ਝੱਖੜਾਂ ਅਗੇ,
ਜੋ ਕਦੇ ਨਿਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ
ਜੋ ਆਪ ਜਿਉਂਦੇ ਨਾਂ।

ਛੇਵੇਂ ਗੁਰਾਂ ਜਦ ਮੀਰੀ ਪੀਰੀ
ਦੋ ਸਾਸ਼ਤਰ ਧਾਰ ਲਏ,
ਲੜ ਬਾਣੀ ਦੇ ਲਗਿਆਂ ਨੇ
ਜਦ ਚੱਕ ਹਥਿਆਰ ਲਏ,

ਲਲਕਾਰ ਕੇ ਲੜੀਆਂ ਜੰਗਾਂ
ਚੋਂ ਕਦੇ ਹਾਰ ਕੇ ਆਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ

ਦਸਵੇਂ ਗੁਰਾਂ ਨੇ ਜੀਵਨ ਜਿਉਣ
ਦੀ ਜਾਂਚ ਸਿਖਾ ਦਿਤੀ,
ਸਾਸ਼ਤਰ-ਧਾਰੀ ਕਰਕੇ ਵਖਰੀ ਕੌਮ ਸਜਾ ਦਿਤੀ

ਉਹ,ਕਦੇ ਨਾ ਸਹਿਣ ਗੁਲਾਮੀ
ਕਿਸੇ ਨੂੰ ਈਨ ਮਨਾਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ

ਬਾਬਰ ਨਾਦਰ ਅਕਬਰ ਮੰਨੂੰ
ਤੇ ਖੂੰ-ਖਾਰ ਚੰਗੇਜਾਂ ਦੇ,
ਪੈਰ ਲਗਣ ਨਹੀਂ ਦਿਤੇ
ਭਾਰਤ ਵਿਚ ਅੰਗਰੇਜਾਂ ਦੇ

ਇੰਡੀਆ ਕਦੇ ਨਾਂ ਭਾਰਤ ਬਣਦਾ
ਜੇ ਉਹ ਮੱਥਾ ਲਾਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ ੱ

ਇਤਿਹਾਸ ਬੋਲਦਾ ਸਾਡਾ
ਪੜ ਕੇ ਵੇਖ ਲਓ ਸਦੀਆਂ ਤੋਂ
ਤੋਪਾਂ ਅਗੇ ਖੜ ਗਏ,ਨਹੀਂ
ਪਿੱਠ ਭੁਆਈ ਬਦੀਆਂ ਤੋਂ,

ਭਾਜੀ ਨਹੀਂ ਸਿਰਾਂ 'ਤੇ ਰਖਦੇ
ਪਹਿਲਾਂ ਹੱਥ ਉਠਾਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ ੱ

ਇਹ ਕਿਰਸਾਨ ਅੰਦੋਲਨ
ਜਿਦਾਂ ਹੁਣ ਗਰਮਾ ਚਲਿਆ
ਲਗਦਾ ਦੇਸ਼ ਵਿਚ
ਨਵੇਂ 'ਗਦਰ'' ਦਾ ਵੇਲਾ ਆ ਚਲਿਆ

''ਕੈਲ'' ਜੂਝਣ ਵਾਲੇ ਯੋਧੇ
ਗੈਰਾਂ ਨੂੰ ਸਿਰੇ ਚੜਾਉਂਦੇ ਨਾਂ
ਨਾਮ ਜਿਉਂਦੇ ਉਹਨਾਂ ਦੇ ੱ ਜਬਰ ਜੁਲਮ ਦੇ ਝੱਖੜਾਂ।

**ਕਰਨੈਲ ਸਿੰਘ 'ਕੈਲ'**

## .ਗ਼ਜ਼ਲ

ਨ੍ਹੇਰ ਪਿੱਛੋਂ ਜਿਸ ਕਿਸੇ ਨੇ ਵੀ ਸਵੇਰਾ ਵੇਖਿਆ।
ਜਾਪਦਾ ਹੈ ਉਸ ਯਕੀਨਨ ਮੁੱਖ ਤੇਰਾ ਵੇਖਿਆ।

ਇੰਝ ਲੱਗਾ ਕਿ ਸੁਨੇਹਾ ਇਹ ਤੇਰੇ ਹੀ ਆਉਣ ਦਾ
ਨਾਲ਼ ਕਾਵਾਂ ਮੈਂ ਜਦੋਂ ਭਰਿਆ ਬਨੇਰਾ ਵੇਖਿਆ ।

ਸੋਚਦਾ ਹਾਂ ਹੱਕ ਉਸਦਾ ਖੋਹ ਲਿਆ ਮੈਂ ਕਿਉਂ ਭਲਾਂ
ਦੁੱਧ ਪਿੱਛੇ ਵਿਲਕਦਾ ਜਦ ਇਕ ਬਛੇਰਾ ਵੇਖਿਆ ।

ਹੈ ਬੜਾ ਮਜ਼ਬੂਰ ਉਹ ਵੀ ਜਾਪਿਆ ਸੀ ਪੇਟ ਲਈ
ਮੱਛੀਆਂ ਤੇ ਜਾਲ਼ ਪਾਉਂਦਾ ਜਦ ਮਛੇਰਾ ਦੇਖਿਆ।

ਜੁਗਨੂੰਆਂ ਦੇ ਨਾਲ਼ ਇੱਕ ਦਿਨ ਹੋ ਗਏ ਸੀ ਟਾਕਰੇ
ਰੌਸ਼ਨੀ ਤੋਂ ਡਰਿਆ ਡਰਿਆ ਮੈਂ ਹਨੇਰਾ ਦੇਖਿਆ ।

ਜਿਸ ਨੂੰ ਖ਼ੁਦ ਨੂੰ ਰਸਤੇ ਬਾਰੇ ਕੁਝ ਵੀ ਨਹੀਓਂ ਸੀ ਪਤਾ
ਇੱਕ ਐਸਾ ਨਾਮ ਦਾ ਮੈਂ ਰਾਹ ਦਸੇਰਾ ਦੇਖਿਆ।

ਬਿਨ ਵਜ੍ਹਾ ਤਕਲੀਫ਼ ਵਿਚ ਜੋ ਦੇਖ ਕੇ ਮੈਨੂੰ ਸੁਖੀ
ਉਹ ਕੀ ਜਾਨਣ ਦੁੱਖ ਮੈਂ ਵੀ ਤਾਂ ਬਥੇਰਾ ਦੇਖਿਆ।

ਸੋਚ ਨਾਨਕ ਦੀ ਦੇ ਉੱਤੇ ਕੌਣ ਪਹਿਰਾ ਦੇ ਰਿਹਾ
ਪੁੱਛਿਆ ਮੈਂ ਖ਼ੁਦ ਨੂੰ ਇਹ ਸਭ ਜਦ ਚੁਫ਼ੇਰਾ ਦੇਖਿਆ ।

**ਹਰਦੀਪ ਬਿਰਦੀ**
**9041600900**

## ਓਸ ਨੇ

ਅਦਸ ਬੇ ਕੀਤਾ ਸ਼ੁਗਲ ਸੀ ਓਸ ਨੇ, ਘਰ ਨ੍ਹੇਰ ਪਾ ਗਿਆ।
ਬੁੱਲਾ ਹਵਾ ਦਾ ਆਣ ਕੇ, ਦੀਵਾ ਬੁਝਾ ਗਿਆ।
ਜ਼ਾਲਮ ਨੇ ਚੁੱਕੀ ਅਤਿ ਸੀ, ਜੀਣਾ ਮੁਹਾਲ ਸੀ।
ਦੁਖੀਆਂ ਦਾ ਜੁੜ ਕੇ ਕਾਫ਼ਲਾ, ਆਈ 'ਤੇ ਆ ਗਿਆ।
ਡਰਨਾ ਕੀ ਕਾਲ਼ੀ ਰਾਤ ਤੋਂ, ਚੀਰੋ ਹਨ੍ਹੇਰ ਨੂੰ,
ਸਾਨੂੰ ਹਨੇਰੇ ਵਿੱਚ ਰਾਹ, ਜੁਗਨੂੰ ਵਿਖਾ ਗਿਆ।
ਰੰਗੇ ਜਿਨ੍ਹਾਂ ਨੇ ਹੱਥ ਸਨ, ਨੰਗੇ ਉਹ ਹੋ ਗਏ,
ਸਦਨਾਂ 'ਚ ਹੋਈ ਬਹਿਸ ਵਿਚ, ਮੁੱਦਾ ਇਹ ਛਾ ਗਿਆ।
ਬੜੀਆਂ ਹੀ ਰੀਝਾਂ ਨਾਲ਼ ਮੈਂ, ਬੂਟੇ ਲਗਾ ਲਏ,
ਮਾਲੀ ਨਿਕੰਮਾ ਨਿਕਲਿਆ, ਗੁਲਸ਼ਨ ਸੁਕਾ ਗਿਆ।
ਜੇਠੇ ਨਸ਼ੇੜੀ ਪੁੱਤ ਦੀ, ਪੈਲ਼ੀ 'ਤੇ ਅੱਖ ਸੀ,
ਧਮਕਾ ਕੇ ਬੁੱਢੇ ਬਾਪ ਨੂੰ, 'ਗੂਠਾ ਲਵਾ ਗਿਆ।
ਰੁਲ਼ਦਾ ਹੈਂ ਪੈਰਾਂ ਵਿੱਚ ਤੂੰ, ਵੇਖਾਂ ਮੈਂ ਸੂਰਤਾਂ,
ਪੱਥਰ ਨੂੰ ਟੁਕੜਾ ਕੱਚ ਦਾ, ਸ਼ੀਸ਼ਾ ਵਿਖਾ ਗਿਆ।

**ਹਰਮਿੰਦਰ ਸਿੰਘ ਕੋਹਾਰਵਾਲਾ**

## ਦੁਆ ਕਰੋ

**ਅਮਰਜੀਤ ਸਿੰਘ 'ਫ਼ੌਜੀ'**

ਐ ਅਦੀਬੋ! ਦੁਆ ਕਰੋ
ਅਮਨ, ਮੁਹੱਬਤ ਦੀ ਦੁਆ ਕਰੋ
ਕਿਉਂਕਿ ਦੁਆ ਕਦੀ ਕਤਲ ਨਹੀਂ ਹੁੰਦੀ।
ਹੱਸਦੇ ਖੇਡਦੇ ਘਰਾਂ ਦੇ
ਬੁਝ ਗਏ ਦੀਵਿਆਂ ਲਈ ਰੌਸ਼ਨੀ ਦੀ ਦੁਆ ਕਰੋ
ਕਿਉਂਕਿ ਦੁਆ ਕਦੀ ਕਤਲ ਨਹੀਂ ਹੁੰਦੀ
ਜੰਮਦੇ ਬੋਟਾਂ ਨੂੰ ਲਗੜਾਂ, ਕਾਵਾਂ ਤੋਂ ਬਚਾਉਣ ਲਈ
ਰੁੱਖਾਂ ਤੇ ਪੰਛੀਆਂ ਦੇ ਘਰਾਂ ਵਾਸਤੇ, ਦੁਆ ਕਰੋ
ਕਿਉਂਕਿ ਦੁਆ ਕਦੀ ਕਤਲ ਨਹੀਂ ਹੁੰਦੀ
ਮੁਟਿਆਰਾਂ ਦੀ ਸਾਬਤ ਸੂਰਤ ਲੱਜ ਖਾਤਰ
ਵਹਿਸ਼ੀਆਂ ਦੇ ਮੱਥੇ ਵਿੱਚ ਸੂਰਜ ਦੇ
ਉੱਗਣ ਦੀ ਦੁਆ ਕਰੋ
ਕਿਉਂਕਿ ਦੁਆ ਕਦੀ ਕਤਲ ਨਹੀਂ ਹੁੰਦੀ
ਉਹ ਸਾਰੀਆਂ ਝੀਥਾਂ ਮੁੰਦੀਆਂ ਜਾਣ
ਜਿਨ੍ਹਾਂ ਵਿਚੋਂ ਵਹਿਸ਼ੀ ਦਰਿੰਦੇ ਝਾਕਦੇ ਨੇ ਗੰਦੀ ਝਾਕਣੀਂ, ਦੁਆ ਕਰੋ
ਕਿਉਂਕਿ ਦੁਆ ਕਦੀ ਵੀ ਕਤਲ ਨਹੀਂ ਹੁੰਦੀ
ਬਿਰਧ ਆਸ਼ਰਮ ਖ਼ਾਲੀ ਦਿਸਣ
ਕਰਫਿਊ ਲੱਗੇ ਬਜ਼ਾਰਾਂ ਵਾਂਗ
ਬੁਢਾਪਾ ਨਜ਼ਰ ਆਵੇ ਮੇਲੇ ਵਿੱਚ ਫਿਰਦੇ ਮੇਲੀਆਂ ਵਾਂਗ, ਦੁਆ ਕਰੋ
ਕਿਉਂਕਿ ਦੁਆ ਕਦੀ ਕਤਲ ਨਹੀਂ ਹੁੰਦੀ
ਹਰ ਗਲੀ ਸਿੱਖਿਆ ਦਾ ਮੰਦਰ
ਗਿਆਨ ਵੰਡੇ ਤੰਦਰੁਸਤ ਅਤੇ ਨਰੋਏ ਸਰੀਰਾਂ ਨੂੰ, ਦੁਆ ਕਰੋ
ਕਿਉਂਕਿ ਦੁਆ ਕਦੀ ਵੀ ਕ਼ਤਲ ਨਹੀਂ ਹੁੰਦੀ
'ਫ਼ੌਜੀ' ਦੀ ਕ਼ਲਮ ਲੋਕ ਹਿਤਾਂ ਲਈ ਚਲਦੀ ਰਹੇ
ਬਿਨਾਂ ਰੁਕੇ, ਬਿਨਾਂ ਝੁਕੇ, ਬਿਨਾਂ ਡਰੇ, ਦੁਆ ਕਰੋ
ਕਿਉਂਕਿ ਦੁਆ ਕਦੀ ਵੀ ਕ਼ਤਲ ਨਹੀਂ ਹੁੰਦੀ
ਅਤੇ ਨਾ ਹੀ ਕਰਦੀ ਹੈ ਖ਼ੁਦਕੁਸ਼ੀ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

2 Locations to Serve you

#4-12818-72 Ave., Surrey, BC
604-591-7611

#8A-31205 Old Yale Rd., Abbotsford, BC
604-504-1761



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ੍ਹ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*23 ਸਤੰਬਰ ਦਿਨ ਸ਼ੁੱਕਰਵਾਰ ਤੋਂ 25 ਸਤੰਬਰ ਦਿਨ ਐਤਵਾਰ ਤੱਕ :ਆਰੰਭ ਸ੍ਰੀ ਅਖੰਡ ਪਾਠ ਅਤੇ ਲੰਗਰ ਸੇਵਾ ਗੁਰੂਘਰ ਵਿਖੇ ਰਣਜੀਤ ਕੌਰ ਹੇਅਰ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ:ਪਾਠ ਅਰੰਭ ਗੈਲਰੀ ਹਾਲ ਵਿਖੇ ਸਵੇਰੇ 9:45

*23 ਸਤੰਬਰ ਦਿਨ ਸ਼ੁੱਕਰਵਾਰ ਤੋਂ 25 ਸਤੰਬਰ ਦਿਨ ਐਤਵਾਰ ਤੱਕ ਅਖੰਡਪਾਠ ਘਰ ਵਿਖੇ ਸ. ਅਮਨਦੀਪ ਸਿੰਘ ਮੂੰਡੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*24 ਸਤੰਬਰ ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਹਿਬ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਗੁਰਕਰਨ ਰਾਏ, ਸੰਦੀਪ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*24 ਸਤੰਬਰ ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸਵੇਰ ਦੇ ਲੰਗਰ ਦੀ ਸੇਵਾ ਸ. ਗੁਰਮੀਤ ਸਿੰਘ ਖੋਸਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*25 ਸਤੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਅਤੇ ਲੰਗਰ ਸੇਵਾ ਗੁਰੂ ਘਰ ਵਿਖੇ ਰਣਜੀਤ ਕੌਰ ਹੇਅਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ:ਪਾਠ ਭੋਗ ਗੈਲਰੀ ਹਾਲ ਵਿਖੇ ਸਵੇਰੇ 9:00 ਵਜੇ

*25 ਸਤੰਬਰ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਅਤੇ ਸਵੇਰ ਦੇ ਲੰਗਰ ਦੀ ਸੇਵਾ:ਪਾਠ ਗੈਲਰੀ ਹਾਲ ਵਿਖੇ ਸਵੇਰੇ 10:15 ਵਜੇ

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਚਾਣਕ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਵਾਲੇ

*ਰਾਗੀ ਜਥਾ ਭਾਈ ਸੁਖਦੇਵ ਸਿੰਘ ਜੀ ਬਠਿੰਡੇ ਵਾਲੇ

*ਕਥਾ ਵਾਚਕ -ਗਿਆਨੀ ਭਾਈ ਉਂਕਾਰ ਸਿੰਘ ਜੀ

*ਢਾਢੀ ਜਥਾ-ਭਾਈ ਗੁਰਵਿੰਦਰ ਸਿੰਘ ਜੀ ਬੈਂਸ ਭਰਤਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗੁੰਥੀ):236-887-5274, ਗਿ. ਮੋਹਕਮ ਸਿੰਘ (ਗੁੰਥੀ):236-887-7037


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

**Dev Bros.**

**Custom Tailoring**

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress, ਕੁਰਤੇ ਪਜਾਮੇ, ਲੇਡੀਜ ਸੂਟ, Bride Wedding Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

**Phone:604-880-8434**

Shifted to New Location
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ
#117, 1779 Clearbook Road, Abbotsford



# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca